
— ਚੜ੍ਹਦੀ ਕਲਾ ਦੇ ਪ੍ਰਤੀਕ —

ਖਾਲਸਈ ਬੋਲੇ

ਪ੍ਰੋ. ਪਿਆਰਾ ਸਿੰਘ ਪਦਮ,
ਕਲਮ ਮੰਦਿਰ, ਲੋਅਰਮਾਲ, ਪਟਿਆਲਾ



ਪ੍ਰਕਾਸ਼ਕ - ਭਗਤ ਪੂਰਨ ਸਿੰਘ, ਪਿੰਗਲਵਾੜਾ ਅੰਮ੍ਰਿਤਸਰ

1985

ੴ

—ਚੜ੍ਹਦੀ ਕਲਾ ਦੇ ਪ੍ਰਤੀਕ—

ਖਾਲਸਈ ਬੋਲੇ

ਸਿਖ ਚਰਿਤ੍ਰ ਦਾ ਮੁਖ ਲੱਛਣ—ਚੜ੍ਹਦੀ ਕਲਾ ਤੇ ਸਰਬਤ ਦਾ ਭਲਾ ਹੈ। ਜੋ ਰੱਬੀ ਸਿਦਕ ਆਸਰੇ ਆਪਣੀ ਆਤਮਿਕ ਅਵਸਥਾ ਨੂੰ ਉਚਾ ਨਹੀਂ ਰਖ ਸਕਦਾ ਤੇ ਸਰਬਤ ਦੇ ਭਲੇ ਲਈ ਕੀਤੀ ਜਾ ਰਹੀ ਸੇਵਾ ਦੇ ਕਰਤੱਵ ਨੂੰ ਨਹੀਂ ਨਿਭਾ ਸਕਦਾ, ਉਹ ਪੂਰਨ ਸਿਖ ਕਹਿਲਾਉਣ ਦਾ ਅਧਿਕਾਰੀ ਨਹੀਂ। ਗੁਰਸਿਖ ਦਾ ਕਿਰਦਾਰ ਦੁਖ ਸੁਖ ਨੂੰ ਇਕਸਾਰ ਮੰਨਕੇ ਤਿਆਰ-ਬਰਤਿਆਰ ਰਹਿਣਾ ਹੈ, ਉਸ ਲਈ ਜਿੱਤ ਹਾਰ ਅਤੇ ਪਤਝੜ ਤੇ ਬਹਾਰ ਇਕ ਬਰਾਬਰ ਹੈ, ਉਹ ਦੁਖ ਵਿਚ ਸੁਖ ਮਨਾਉਂਦਾ ਹੋਇਆ ਸਭ ਦਾ ਭਲਾ ਕਮਾਉਂਦਾ ਹੈ।

ਗੁਰੂ ਤੇਗ ਬਹਾਦਰ ਜੀ ਨੇ ਫੁਰਮਾਇਆ ਸੀ ਕਿ ਸੱਚਾ ਸਿਖ ਉਹ ਹੈ ਜੋ ਦੁਖ ਵਿਚ, ਦੁਖ ਨਾ ਮੰਨਦਾ ਹੋਵੇ ਤੇ ਨਿਜੀ ਸੁਖ ਦੀ ਜਿਸਨੂੰ ਕੋਈ ਪਕੜ ਨਾ ਹੋਵੇ। ਨਿੰਦਾ, ਉਸਤਤਿ, ਖੁਸ਼ੀ ਗ਼ਮੀ, ਮਿੱਟੀ ਸੋਨਾ ਤੇ ਫਕੀਰੀ ਅਮੀਰੀ ਵਿਚ ਉਸਨੂੰ ਕੋਈ ਫਰਕ ਨਹੀਂ ਹੁੰਦਾ। ਉਹ ਮਾੜੀ ਹਾਲਤ ਵਾਪਰਨ ਤੇ ਵੀ ਚੰਗੀ ਅਵਸਥਾ ਵਿਚ ਵਿਚਰਦਾ ਹੈ। ਉਹ ਮੁਸ਼ਕਲਾਂ ਤੇ ਮੁਸੀਬਤਾਂ ਨੂੰ ਵੇਖਕੇ ਮੁਸਕ੍ਰਾਉਂਦਾ ਅਤੇ ਮੌਤ ਨਾਲ ਮਜ਼ਾਖਾਂ ਕਰਦਾ ਪੇਸ਼ ਆਉਂਦਾ ਹੈ। ਆਖਰੀ ਸਮੇਂ ਬੰਦਾ ਬਹਾਦਰ ਨੂੰ ਮੁਗਲ ਬਾਦਸ਼ਾਹ ਨੇ ਪੁੱਛ ਭੇਜਿਆ ਸੀ ਕਿ ਤੈਨੂੰ ਕਿਸ ਕਿਸਮ ਦੀ ਮੌਤ ਪਸੰਦ ਹੈ? ਤਾਂ ਬਾਬੇ ਬੰਦੇ ਦਾ ਜਵਾਬ ਸੀ—'ਜਿਸ ਤਰ੍ਹਾਂ ਦੀ ਮੌਤ ਤੁਸੀਂ ਆਪਣੇ ਲਈ ਪਸੰਦ ਕਰਦੇ ਹੋ।'

ਇਸ ਤਰ੍ਹਾਂ ਸੱਚੇ ਸਿਖ ਦਾ ਵਤੀਰਾ ਸਦਾ ਚੜ੍ਹਦੀਆਂ ਕਲਾਂ ਵਾਲਾ ਹੁੰਦਾ ਹੈ ਉਹ ਕਦੀ ਭੈਭੀਤ ਨਹੀਂ ਹੁੰਦਾ, ਡੋਲਦਾ ਨਹੀਂ। ਉਸਦੀ ਉਚੀ ਸੁਰਤਿ ਤੇ ਉਸਦੇ ਸੱਚੇ ਬੋਲ, ਤੋਲ ਤੋਲ ਕੇ ਦਸਦੇ ਹਨ ਕਿ ਉਹ ਜ਼ਿੰਦਗੀ ਨਾਲ ਚੋਹਲ ਕਰਦਾ ਹੈ। ਉਹ ਕਦੀ ਇਕੱਲਾ ਨਹੀਂ ਹੁੰਦਾ, ਸਵਾ ਲੱਖ ਕਹਾਉਂਦਾ ਹੈ, ਜੇ ਕਦੀ ਇਕੱਲਾ ਵੀ ਵਿਚਰੇ ਤਾਂ 'ਫੌਜਾਂ ਆਈਆਂ' ਫੁਰਮਾਉਂਦਾ ਹੈ। ਜੇ ਉਹ ਜ਼ਿੰਦਗੀ ਦਾ ਸਫਰ ਮੁਕਾ ਕੇ ਇਥੋਂ ਵਿਦਾਇਗੀ ਪਾਉਂਦਾ ਹੈ ਤਾਂ ਉਸਨੂੰ 'ਫਤਿਹ ਗਜਾਉਂਦਾ' ਜਾਂ 'ਚੜ੍ਹਾਈ ਕਰਦਾ' ਹੀ ਦਸਿਆ ਜਾਂਦਾ ਹੈ। ਉਹ ਕਦੀ ਮਰਦਾ ਨਹੀਂ ਕਿਉਂਕਿ ਉਹ ਰਾਤ ਦਿਨ ਇਹੋ ਗਾਉਂਦਾ ਹੈ—

'ਮੈਂ ਨਾ ਮਰਉਂ ਮਰਬੋ ਸੰਸਾਰਾ
ਅਬ ਮੁਹਿ ਮਿਲਿਓ ਹੈ ਜੀਆਵਨਹਾਰਾ।'

ਜਦੋਂ ਭਾਈ ਸੁਬੇਗ ਸਿੰਘ ਤੇ ਸ਼ਹਿਬਾਜ਼ ਸਿੰਘ—ਪਿਉ ਪੁੱਤਰ ਨੂੰ ਲਾਹੌਰ ਇਕੱਠਿਆਂ ਚਰਖੜੀ ਚਾੜ੍ਹਨ ਲਗੇ ਤਾਂ ਕਾਜ਼ੀ ਨੇ ਕਿਹਾ, 'ਤੁਸੀਂ ਤਾਂ ਉਮਰ ਖਾਧੀ ਹੋਈ ਹੈ, ਇਸ ਆਪਣੇ ਬੇਟੇ ਨੂੰ ਤਾਂ ਬਚਾ ਲਓ ਤਾਂ ਕਿ ਕੁਲ ਦਾ ਨਿਸ਼ਾਨ ਬਾਕੀ ਰਹੇ, ਭਾਈ ਸੁਬੇਗ ਸਿੰਘ ਦਾ ਜਵਾਬ ਬੜਾ ਸਾਫ ਸੀ ਕਿ ਸਾਡੇ ਸਤਿਗੁਰਾਂ ਸਾਡੀ ਖਾਤਰ ਸਰਬੰਸ ਵਾਰ ਛਡਿਆ ਹੈ, ਹੁਣ ਅਸੀਂ

ਇਹ ਬੰਸ ਜਾਂ ਕੁਲ ਕਾਹਦੇ ਲਈ ਰੱਖਣੀ ਹੈ ?

ਸਿਖਨ ਕਾਜ ਸੁ ਗੁਰੂ ਹਮਾਰੇ । ਸੀਸ ਦੀਓ ਨਿਜ ਸਣ ਪਰਿਵਾਰੇ
ਹਮ ਕਾਰਣ ਗੁਰ ਕੁਲਹਿ ਗਵਾਟੀ । ਹਮ ਕੁਲ ਰਾਖਹਿੰ ਕਉਨ ਬਡਾਈ ।

[ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ)

ਇਸ ਤਰ੍ਹਾਂ ਸਦਾ ਨਿਰਭੈ ਤੇ ਨਿਰਵੈਰ ਹੋ ਕੇ ਸਿਖ, ਮਨ, ਬਾਣੀ, ਕਰਮ ਕਰਕੇ ਚੜ੍ਹਦੀ ਕਲਾ ਵਿਚ ਰਹਿੰਦਾ ਹੈ । ਉਹ ਮਨ ਚਿਤ ਕਰਕੇ ਅਕਾਲ ਪੁਰਖ ਨੂੰ ਧਿਆਉਂਦਾ ਤੇ ਅੰਦਰਲੀ ਜੋਤਿ ਨੂੰ ਜਗਮਗਾਉਂਦਾ ਹੈ ਤਾਂ ਕਿ ਆਤਮ-ਸਨਮਾਨ, ਅਸਮਾਨ ਨੂੰ ਛੂੰਹਦਾ ਰਹੇ ਤੇ ਫਿਰ ਕਰਮ ਜਾਂ ਅਮਲਾਂ ਕਰਕੇ ਨਿਮਾਣਾ ਹੋ ਸਰਬਤ ਦਾ ਭਲਾ ਕਮਾਉਂਦਾ ਹੈ ਤਾਂ ਕਿ ਕਿਸੇ ਤਰ੍ਹਾਂ ਦਾ ਕੋਈ ਗੁਮਾਨ ਪੈਦਾ ਹੀ ਨਾ ਹੋਵੇ । ਇਸ ਤਰ੍ਹਾਂ ਦੀ ਉਚੀ ਸੁਰਤਿ ਤੇ ਉਚੀ ਸੁੱਚੀ ਕ੍ਰਿਰਤ ਵਾਲੇ ਪੁਰਖ ਦੀ ਬੋਲ-ਬਾਣੀ ਵੀ ਉਚੀ ਸੁੱਚੀ ਹੁੰਦੀ ਹੈ, ਉਹ ਕਦੀ ਢਹਿੰਦੀ ਕਲਾ ਵਲ ਜਾਂਦੀ ਹੀ ਨਹੀਂ । ਖਾਲਸੇ ਦੇ ਗੜਗੱਜ ਬੋਲੇ ਇਸੇ ਬਿਰਤੀ ਦੇ ਸੂਚਕ ਹਨ । ਉਹ ਜਿਥੇ ਸੂਰਬੀਰ ਸਿੰਘਾਂ ਦੇ ਉਚੇ ਕਿਰਦਾਰ ਦੀ ਨੁਹਾਰ ਪੇਸ਼ ਕਰਦੇ ਹਨ, ਉਥੇ ਇਹ ਵੀ ਜ਼ਾਹਰ ਹੈ ਕਿ ਉਨ੍ਹਾਂ ਵਿਚ ਪੁਰਖ-ਸੁਰ ਦੀ ਪਰਧਾਨਤਾ ਹੈ । ਖੁਸ਼ੀ ਨੂੰ ਖੁਸ਼ਾ, ਹੋਲੀ ਨੂੰ ਹੋਲਾ ਤੇ ਬੋਲੀ ਨੂੰ ਬੋੱਲਾ ਕਹਿਣਾ ਉਨ੍ਹਾਂ ਦੇ ਸੁਭਾਵਕ ਬਚਨ-ਬਿਲਾਸ ਦਾ ਅੰਗ ਹੈ । ਫਿਰ ਕਦੀ ਉਨ੍ਹਾਂ ਨੂੰ ਕਿਸੇ ਊਣਤਾਈ ਜਾਂ ਕਮਤਰੀ ਦਾ ਅਹਿਸਾਸ ਨਹੀਂ, ਸਗੋਂ ਭਿਆਨਕ ਔਕੜਾਂ ਤੇ ਕਹਰ ਦੀਆਂ ਝੁੜਾਂ ਦੇ ਬਾਵਜੂਦ ਵੀ ਉਨ੍ਹਾਂ ਦੀ ਚੜ੍ਹਦੀ ਕਲਾ ਸਦਾ ਬਰਕਰਾਰ ਦਿਸਦੀ ਹੈ ।

ਜਨਮ-ਕਾਲ

ਖਾਲਸਈ ਬੋਲਿਆਂ ਦਾ ਜਨਮ-ਕਾਲ ਅਠਾਰਵੀਂ ਸਦੀ ਦਾ ਭਿਅੰਕਰ ਸਮਾ ਹੈ ਜਦੋਂ ਦਿਲੀ ਦੀ ਮੁਗਲ ਸਰਕਾਰ ਸਿਖਾਂ ਦਾ ਹਰ ਤਰ੍ਹਾਂ ਸ਼ਿਕਾਰ ਕਰਨ ਉਤੇ ਤੁਲੀ ਹੋਈ ਸੀ ਚੂੰਕਿ **10** ਦਸੰਬਰ 1710 ਈ: ਦਾ ਸ਼ਾਹੀ ਫੁਰਮਾਨ ਸੀ ਕਿ ਜਿਥੇ ਵੀ ਕੋਈ ਨਾਨਕ ਨਾਮ—ਲੇਵਾ ਮਿਲੇ, ਉਸਨੂੰ ਜਾਨੋਂ ਮਾਰ ਦਿਉ ।

'ਨਾਨਕ ਪ੍ਰਸਤਾਂ ਰਾ ਹਰ ਜਾ ਕਿ ਬਯਾਬੰਦ, ਬਕਤਲ ਰਸਾਨੰਦ ।'

[ਅਖਬਾਰਿ ਦਰਬਾਰਿ ਮੁਅੱਲਾ

ਇਹ ਫੁਰਮਾਨ ਅਗਲੇ ੫੦ ਸਾਲ ਦਿਲੀ ਲਾਹੌਰ ਤਕ ਦੂਰ ਦੂਰ ਚਲਦਾ ਰਿਹਾ । ਦੂਜੇ ਪਾਸੇ ਬਾਹਰੋਂ ਕਾਬਲ ਵਲੋਂ ਅਬਦਾਲੀ ਦੀ ਕਮਾਣ ਹੇਠ ਪਠਾਣ ਚੜ੍ਹ ਚੜ੍ਹ ਆ ਰਹੇ ਤੇ ਪੰਜਾਬ ਨੂੰ ਤਬਾਹੀ ਦੇ ਮੂੰਹ ਪਾ ਰਹੇ ਸਨ । ਏਸ ਹਾਲਤ ਵਿਚ ਸਿਖ, ਨਗਰਾਂ ਬਸਤੀਆਂ ਵਿਚ ਨਹੀਂ ਸੀ ਰਹਿ ਸਕਦੇ ਕਿਉਂਕਿ ਉਨ੍ਹਾਂ ਦੇ ਇਨਕਲਾਬੀ ਵਿਚਾਰ ਤੇ ਅਮਲ ਸਰਕਾਰ ਲਈ ਅਸਹਿ ਸਨ ਤੇ ਸਰਕਾਰੀ ਨਜ਼ਰਾਂ ਵਿਚ ਉਹ ਇਕ ਪ੍ਰਕਾਰ ਦੇ ਭਾਰੀ ਮੁਜਰਮ ਤੇ ਅਤਿਵਾਦੀ ਸਨ । ਅਤਿਵਾਦੀ ਉਹ ਹੁੰਦਾ ਹੈ ਜੋ ਸਥਾਪਤ ਰਾਜ ਪ੍ਰਬੰਧ ਨੂੰ ਸ਼ਸਤ੍ਰ ਲੈਕੇ ਵੰਗਾਰਦਾ ਤੇ ਹੇਠਲੀ ਉਤੇ ਕਰਨ ਦਾ ਨਿਸਚਾ ਧਾਰਦਾ ਹੈ । ਜੇ ਉਹ ਕਾਮਯਾਬ ਹੋ ਜਾਵੇ ਤੇ ਰਾਜ ਭਾਗ ਦੀ ਵਾਗ ਡੋਰ ਹਥਿਆ ਲਵੇ ਤਾਂ ਉਹੋ ਕ੍ਰਾਂਤੀਕਾਰੀ ਤੇ ਸੱਚਾ ਦੇਸ ਭਗਤ ਕਹਾਉਂਦਾ ਹੈ । ਨਹੀਂ ਤਾਂ ਉਸਨੂੰ 'ਅਤਿਵਾਦੀ' ਜਾਂ ਉੱਗਰਵਾਦੀ ਕਹਿਕੇ ਭੰਡਿਆ ਜਾਂਦਾ ਹੈ । ਜ਼ਾਰ ਦੀ ਨਿਗਾਹ ਵਿਚ ਬਾਲਸ਼ਵਿਕ ਅਤਿਵਾਦੀ ਸਨ, ਫਰਾਂਸੀਸੀ ਇਨਕਲਾਬੀ ਵੀ ਇਸੇ ਸ਼ਰੇਣੀ ਦੇ ਸਨ ਪਰ ਜਦ ਉਹ ਕ੍ਰਾਂਤੀ

(56)

ਲਿਆਉਣ ਵਿਚ ਕਾਮਯਾਬ ਹੋ ਗਏ ਤਾਂ ਉਹੋ ਮਹਾਨ ਦੇਸ਼ਭਗਤ ਤੇ ਕ੍ਰਾਂਤਕਾਰੀ ਕਹਿਲਾਏ। ਫਿਰੰਗੀ ਨਜ਼ਰਾਂ ਵਿਚ ਸ: ਭਗਤ ਸਿੰਘ, ਸ: ਕਰਤਾਰ ਸਿੰਘ ਸਰਾਭਾ ਤੇ ਊਧਮ ਸਿੰਘ—ਸਭੇ ਅਤਿਵਾਦੀ, ਆਤੰਕਵਾਦੀ ਜਾਂ ਬਦਨਾਮ ਬਾਗੀ ਲੋਕ ਸਨ ਪਰ ਸਾਡੇ ਲਈ ਅਜ ਇਹੋ ਭਾਰਤ ਮਾਤਾ ਦੇ ਸੱਚੇ ਸਪੂਤ ਹਨ ਜਿਨ੍ਹਾਂ ਜਾਨ ਤਲੀ ਤੇ ਰਖਕੇ ਇਨਕਲਾਬ ਦਾ ਰਸਤਾ ਸਾਫ ਕੀਤਾ। ਸੋ ਇਹ ਕਾਮਯਾਬੀ ਤੇ ਨਾਕਾਮਯਾਬੀ ਦੀ ਇਕ ਨਿਕੀ ਜਿਹੀ ਲੀਕ ਹੈ ਜੋ ਅਤਿਵਾਦੀ ਤੇ ਕ੍ਰਾਂਤੀਵਾਦੀ ਵਿਚ ਭੇਦ ਕਰਦੀ ਹੈ।

ਸੰਗ੍ਰਾਮੀਏ ਸਿੰਘਾਂ ਨੂੰ ਅਜੇ ਰਾਜ-ਭਾਗ ਨਹੀਂ ਸੀ ਮਿਲਿਆ, ਇਸ ਕਰਕੇ ਉਹ ਅਤਿਵਾਦੀ ਕਾਫਰ ਕਹਿਕੇ ਹੀ ਦੁਰਕਾਰੇ ਜਾਂਦੇ ਸਨ ਤੇ ਬਸਤੀਆਂ ਵਿਚ ਤਾਂ ਉਹ ਉਕਾ ਹੀ ਨਹੀਂ ਸੀ ਆ ਸਕਦੇ। ਵਾਰਸਸ਼ਾਹ ਇਨ੍ਹਾਂ ਨੂੰ 'ਭੂਤਮੰਡਲੀ' ਕਹਿ ਕੇ ਯਾਦ ਕਰਦਾ ਹੈ। ਇਸੇ ਕਰਕੇ ਉਨ੍ਹਾਂ ਦਾ ਵਾਸਾ ਪੰਜਾਬ ਦੇ ਘਣੇ ਜੰਗਲ, ਪਹਾੜ ਜਾਂ ਮਾਲਵੇ ਦਾ ਮਾਰੂਥਲ ਸੀ। ਅਜੇਹੀਆਂ ਮੁਸੀਬਤਾਂ ਦੇ ਜ਼ਮਾਨੇ ਤੇ ਅਜੇਹੇ ਘੋਰ ਜੰਗਲਾਂ ਵਿਚ ਹੀ ਸੰਗ੍ਰਾਮੀਆਂ ਦੀ ਜ਼ਬਾਨ ਤੋਂ ਖਾਲਸੇ ਦੇ ਗੜਗੱਜ ਬੋਲਿਆਂ ਦਾ ਜਨਮ ਹੋਇਆ। ਕੋਈ ਵੀ ਹੁਸੀਨ ਨਿਪੁੰਸਕਤਾ ਵਿਚੋਂ ਨਹੀਂ ਪਰਗਟ ਹੁੰਦਾ, ਹਰ ਸੌਂਦ੍ਰਯ ਜਨਮ-ਪੀੜ ਦਾ ਮੁਹਤਾਜ ਹੈ। ਖਾਲਸਈ ਬੋਲਿਆਂ ਦੇ ਰਤਨ ਜਵਾਹਰ ਮਾਣਕ ਵੀ ਸੰਕਟ ਕਾਲੀਨ ਸਾਗਰ ਚੋ ਜੁਆਰ ਭਾਟੇ ਦਾ ਉਛਾਲ ਹਨ, ਉਹ ਸੰਕਟ ਜਿਸਨੇ ਸਿਖਾਂ ਦਾ ਨੱਕ ਦਮ ਕਰ ਰੱਖਿਆ ਸੀ। ਉਨ੍ਹਾਂ ਪਾਸ ਸਾਧਾਰਣ ਰਹਿਣੀ ਬਹਿਣੀ ਤੇ ਖਾਣ ਪੀਣ ਦੇ ਮਾਮੂਲੀ ਸਾਧਨਾਂ ਦਾ ਵੀ ਅਭਾਵ ਸੀ। ਜੋ ਕੁਝ ਵੀ ਮਿਲਦਾ ਸੀ ਉਹ ਉਸੇ ਨੂੰ ਸਬਰ ਸੰਤੋਖ ਨਾਲ ਵਰਤਦੇ ਤੇ ਉਸਨੂੰ ਵੱਡਾ ਕਰਕੇ ਸੱਦਦੇ ਸਨ।

ਉਸ ਸਮੇ ਦੇ ਪਠਾਣ ਹਮਲਾਵਰ ਬਦਾਮਾਂ ਤੇ ਸੌਗੀਆਂ ਨਾਲ ਜੇਬਾਂ ਭਰੀ ਫਿਰਦੇ ਸਨ ਪਰ ਸਿਖਾਂ ਨੂੰ ਇਹ ਮੇਵੇ ਕਿਥੋਂ ਹਾਸਲ ਸਨ। ਉਹ ਛੋਲਿਆਂ ਨੂੰ ਹੀ ਬਦਾਮ ਕਹਿਕੇ ਤਸੱਲੀ ਕਰ ਲੈਂਦੇ ਤੇ ਹਰਾ ਛੋਲੂਆਂ ਜਾ ਭੁੰਨੀਆਂ ਹੋਲਾਂ ਹੀ ਉਨ੍ਹਾਂ ਲਈ ਸੌਗੀ ਸੀ। ਜੇ ਕਿਤੇ ਮਾਮੂਲੀ ਸਾਗ ਪਾਤ ਕੱਟਕੇ ਚੁਲ੍ਹੇ ਚਾੜ੍ਹਦੇ ਤਾਂ ਇਹੋ ਇਕ ਤਰਾਂ ਦਾ ਵਧੀਆ ਸਬਜ਼ ਪਲਾਉ ਬਣ ਜਾਂਦਾ ਸੀ।

ਜਦ ਰਹਿਮਤੁੱਲਾ ਬੇਗ ਹੱਥ ਅਬਦਾਲੀ ਨੇ ਲਾਹੌਰ ਦੀ ਸੂਬੇਦਾਰੀ ਤੇ ਬਦਾਮ ਸੌਗੀਆਂ ਆਦਿ ਮੇਵਿਆਂ ਦੇ ਟੋਕਰੇ ਸ: ਲਹਿਣਾ ਸਿੰਘ ਪਾਸ ਘੱਲੇ ਤਾਂ ਉਸ ਲੈਣੋਂ ਇਨਕਾਰ ਕਰ ਦਿਤਾ ਤੇ ਕੁਝ ਕਣਕ ਛੋਲਿਆਂ ਦੇ ਦਾਣੇ ਭੇਜਕੇ ਜਵਾਬ ਦਿਤਾ, 'ਅਸਾਂ ਕਿਰਤੀ ਕਿਸਾਨਾਂ ਲਈ ਤਾਂ ਇਹੋ ਸਭ ਕੁਝ ਹੈ ਇਹ ਮੇਵੇ ਤਾਂ ਅੱਯਾਸ਼ ਅਮੀਰਾਂ ਦੀ ਖੁਰਾਕ ਹਨ, ਇਹ ਤੁਹਾਨੂੰ ਹੀ ਸ਼ੋਭਦੇ ਹਨ।'

ਜਦ ਅਸੀਂ ਉਸ ਸਮੇਂ ਦੀ ਰਾਜਨੀਤਕ ਤੇ ਆਰਥਕ ਤਸਵੀਰ ਨੂੰ ਗਹੁ ਨਾਲ ਤੱਕਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ ਕਿ ਸਰਕਾਰ ਕੋਲ ਕੀ ਕੀ ਕੁਝ ਸੀ ਤੇ ਇਨ੍ਹਾਂ ਭੂਰਿਆਂ ਵਾਲੇ ਇਨਕਲਾਬੀ ਸਿਖਾਂ ਕੋਲ ਕੀ ਕੁਝ। ਪਰ ਸ਼ਾਬਾਸ਼! ਇਨ੍ਹਾਂ ਦੀ ਚੜ੍ਹਦੀ ਕਲਾ ਵਾਲੀ ਬਿਰਤੀ ਦੇ ਜਿਸਨੇ ਕਦੀ ਹਾਰ ਨਹੀਂ ਖਾਧੀ ਤੇ ਕਦੀ ਆਪਣੇ ਆਪ ਨੂੰ ਢਹਿੰਦੀ ਕਲਾ ਵਿਚ ਨਹੀਂ ਲਿਆਂਦਾ. ਤਵਾਰੀਖ ਇਸਦੀ ਥਾਂ ਥਾਂ ਗਵਾਹੀ ਭਰਦੀ ਹੈ।

ਇਸ ਦੀ ਪੁਸ਼ਟੀ ਤੇ ਪਰਿਦਰਸ਼ਨ ਸਾਨੂੰ ਉਨ੍ਹਾਂ ਦੀ ਉਸ ਸਮੇਂ ਵਰਤੀ ਜਾਂਦੀ ਬੋਲੀ ਤੋਂ ਵੀ ਭਲੀ ਭਾਂਤ ਹੁੰਦਾ ਹੈ ਜੋ ਉਨ੍ਹਾਂ ਖੁਦ ਸਹਿਜੇ ਸਹਿਜੇ ਗੁਪਤ ਵਰਤੋਂ ਲਈ ਘੜੀ ਸੀ।

ਇਨ੍ਹਾਂ ਸੰਕੇਤਾਂ ਦਾ ਇਕ ਮੰਤਵ ਇਹ ਵੀ ਸੀ ਕਿ ਦੁਸ਼ਮਨ ਨੂੰ ਗੱਲ ਦਾ ਪਤਾ ਨਾ ਲਗ, ਦੂਜ ਹਰ ਇਨਕਲਾਬੀ ਦੀ ਸੁਰਤਿ ਉੱਚੀ ਸੁੱਚੀ ਰਹੇ, ਕਦੀ ਕਿਸੇ ਤਰ੍ਹਾਂ ਦੇ ਹੀਣ ਭਾਵ ਦਾ ਸ਼ਿਕਾਰ ਨ ਹੋਵੇ।

ਇਹ ਠੀਕ ਹੈ ਕਿਤੇ ਕਿਤੇ ਇਸ ਸੰਕੇਤਾਵਲੀ ਵਿਚ ਕਠੋਰਤਾ ਤੇ ਤਲਖੀ ਵੀ ਹੈ ਪਰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਸਭੋ ਕੁਝ ਸਮੇਂ ਦੀ ਹਾਕਮਾਂ ਦੀ ਜਾਬਰਾਨਾ ਕਾਰਵਾਈ ਦੀ ਪ੍ਰਤਿਕ੍ਰਿਆ ਮਾਤਰ ਹੈ, ਸਿਖਾਂ ਦੇ ਕਿਰਦਾਰ ਅਨੁਸਾਰ ਨਹੀਂ।

ਇਹ ਹਕੀਕਤ ਹੈ ਕਿ ਉਪਭਾਖਾਵਾਂ ਦੀ ਤਰ੍ਹਾਂ ਦੁਨੀਆਂ ਵਿਚ ਵਖੋ ਵਖ ਮਨੁੱਖੀ ਟੋਲਿਆਂ ਦੀਆਂ ਖਾਸ ਬੋਲੀਆਂ (Special languages) ਘੜੀਂਦੀਆਂ ਰਹਿੰਦੀਆਂ ਹਨ ਤੇ ਉਨ੍ਹਾਂ ਦਾ ਰੰਗ ਰੂਪ ਅਪਣਾਂ ਹੀ ਹੁੰਦਾ ਹੈ ਪਰ ਇਹ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਹਰ ਸਪੈਸ਼ਲ ਭਾਸ਼ਾ ਅਪਣੀ ਸਮੱਗਰੀ ਕਿਸੇ ਜਿਉਂਦੀ ਜਾਗਦੀ ਬੋਲੀ ਵਿਚੋਂ ਹੀ ਲੈਂਦੀ ਹੈ ਪਰ ਉਸ ਦਾ ਮੁਹਾਂਦਰਾ ਜ਼ਰੂਰ ਵੱਖਰਾ ਹੁੰਦਾ ਹੈ ਜੋ ਸਮੇਂ ਦੀ ਛਾਪ ਪ੍ਰਗਟਾਉਂਦਾ ਹੈ।

ਸੋ ਇਹ ਖਾਲਸਈ ਭਾਸ਼ਾ ਭਾਵੇਂ ਪੰਜਾਬੀ ਤੋਂ ਹੀ ਪੈਦਾ ਹੋਈ ਸੀ ਪਰ ਸਮੁੱਚੇ ਮੁਹਾਂਦਰੇ ਤੋਂ ਇਹ ਬਿਲਕੁਲ ਵਿਲੱਖਣ ਕਿਸਮ ਦੀ ਸੀ ਤੇ ਹਰ ਆਦਮੀ ਇਸ ਨੂੰ ਸਿਵਾਇ ਸੰਗ੍ਰਾਮੀਏ ਸਿੰਘਾਂ ਦੇ ਪੂਰੀ ਤਰ੍ਹਾਂ ਸਮਝ ਵੀ ਨਹੀਂ ਸੀ ਸਕਦਾ।

ਉਸ ਜ਼ਮਾਨੇ ਦੇ ਇਨਕਲਾਬੀ ਸਿੰਘ ਭਾਵੇਂ ਵਿਦਿਅਕ ਸਾਧਨਾਂ ਤੋਂ ਲਗਾਤਾਰ ਦੂਰ ਜੰਗਲਾਂ ਵਿਚ ਰਹਿਣ ਕਰਕੇ ਇਤਨੇ ਵਿਦਿਆਵਾਨ ਤਾਂ ਨਹੀਂ ਸਨ ਪਰ ਉਹ ਬੁਧਿਵਾਨ ਲੋਕ ਸਨ ਤੇ ਉਨ੍ਹਾਂ ਦਾ ਅਨੁਭਵ ਬੜਾ ਤੀਖਣ ਸੀ। ਇਹ ਲੋਕ ਅਪਣੇ ਲੰਮੇ ਤਜਰਬੇ ਕਾਰਣ ਫਾਰਸੀ ਤੇ ਪਸ਼ਤੋ ਆਦਿ ਜ਼ਬਾਨਾਂ ਵਿਚ ਵੀ ਬੜੀ ਚੰਗੀ ਮੁਹਾਰਤ ਰਖਦੇ ਸਨ ਕਿਉਂਕਿ ਇਨ੍ਹਾਂ ਦਾ ਵਰ੍ਹਿਆਂ ਤੋਂ ਲਗਾਤਾਰ ਮੁਗਲਾਂ ਤੇ ਪਠਾਣਾਂ ਨਾਲ ਵਾਹ ਪੈ ਰਿਹਾ ਸੀ। ਤੇ ਉਹ ਇਕ ਦੂਜੇ ਦੀ ਗੱਲ ਸਮਝਣ ਵਿਚ ਪ੍ਰਬੀਨ ਸਨ।

ਮਿਸਟਰ ਫ੍ਰੈਂਕਲਿਨ ਨੇ ਸ਼ਾਹ ਆਲਮ ਦੀ ਤਵਾਰੀਖ ਵਿਚ ਇਹ ਸਾਫ ਲਿਖਿਆ ਹੈ ਕਿ ਇਹ ਉਚੇ ਲੰਮੇ ਦੇਉ ਕੱਦਾਂ ਵਾਲੇ ਨੀਲੰਬਰਧਾਰੀ ਸਿੰਘ, ਭੂਰਿਆਂ ਦੀਆਂ ਗਿਲਤੀਆਂ ਮਾਰਕੇ ਕਮਰਕਸੇ ਕਰਕੇ ਤੇ ਸਿਰਾਂ ਉਤੇ ਖੁੱਲੇ ਡੁਲ੍ਹੇ ਦਸਤਾਰੇ ਸਜਾਕੇ ਰਖਦੇ ਸਨ ਅਤੇ ਪਸ਼ਤੋ ਵੀ ਚੰਗੀ ਬੋਲ ਲੈਂਦੇ ਸਨ, ਜਿਸ ਵਿਚ ਅਰਬੀ ਫਾਰਸੀ ਤੇ ਹਿੰਦਵੀ ਦੀ ਮਿੱਸ ਹੁੰਦੀ ਸੀ।* ਸੋ ਪਸ਼ਤੋ,

---

*The Sikhs, in their persons, are tall, and of a manly erect deportment; their aspect is ferocious, their eyes piercing and animated; and in tracing their features a striking resemblance is oberable to the Arabs who inhabit the banks of the Euphrates. The dress of the males consists of a coarse cloth of blue cotton thrown loosely over the shoulders, and coming down between the legs, is confined round the waist by a belt of cotton. An ample turban of blue cloth covers the head, and over this is frequently wore a sash of silk and cotton mixed, resembling both in colour and pattern a Scotch Tartan. They speak the Aufghaun or Posshto language, with prolific additions of Perslan, Arabic and Hindoovee.

(The History of the reign of Shah Alam PP 77-78 (1798)
(The Punjab as a Sovereign State P. 30

ਫਾਰਸੀ ਤੇ ਪੰਜਾਬੀ ਦੇ ਜਾਣੂ ਹੋਣ ਦੇ ਬਾਵਜੂਦ, ਇਹ ਸੰਗ੍ਰਾਮੀਏ ਬਨਵਾਸੀ ਸਿੰਘ, ਗੁਪਤ ਭਾਸ਼ਾ ਵੀ ਵਰਤੋਂ ਵਿਚ ਲਿਆਉਂਦੇ ਸਨ ਤਾਂ ਕਿ ਆਪਣੇ ਫੌਜੀ ਭੇਦ ਛੁਪਾਕੇ ਰੱਖੇ ਜਾ ਸਕਣ ਤੇ ਗੁਰਬਤ ਦੇ ਬਾਵਜੂਦ ਅਪਣੀਆਂ ਆਰਥਿਕ ਊਣਤਾਈਆਂ ਤੇ ਵੀ ਪਰਦਾ ਪਾ ਕੇ ਸ਼ਾਹਾਨਾ ਬਿਰਤੀ ਕਾਇਮ ਰਖੀ ਜਾ ਸਕੇ। ਉਂਜ ਜੋ ਹਾਲ ਸੀ, ਉਹ ਕਿਸੇ ਤੋਂ ਗੁੱਝਾ ਛੁਪਾ ਨਹੀਂ ਸੀ, ਸਰਕਾਰ ਨੂੰ ਪਤਾ ਸੀ ਕਿ ਇਹ ਮਜਬੂਰੀਆਂ ਦਾ ਸ਼ਿਕਾਰ ਲੋਕ ਟੱਕਰਾਂ ਮਾਰਦੇ ਫਿਰਦੇ ਹਨ, ਨ ਇਨ੍ਹਾਂ ਪਾਸ ਖਾਣ ਪੀਣ ਦਾ ਸਾਮਾਨ ਹੈ ਤੇ ਨਾਹੀ ਪਹਿਨਣ ਓਢਣ ਦਾ। ਮਾਮੂਲੀ ਸ਼ਸਤ੍ਰ ਬਸਤ੍ਰ ਲੈ ਕੇ ਦਿਨ ਕਟੀ ਕਰਦੇ ਹਨ। ਗਿ. ਗਿਆਨ ਸਿੰਘ ਜੀ ਨੇ ਇਸ ਦਰਦਨਾਕ ਅਵਸਥਾ ਨੂੰ ਇਉਂ ਚਿਤ੍ਰਿਆ ਹੈ :—

ਫਿੱਡਾ ਜੈਸਾ ਟਟੂਆ ਔ ਜੁੱਲੜੂ ਕਾ ਕਾਠੀ ਪਾਇ
ਰੱਸੜੀ ਲਗਾਮ ਅਤੇ ਰੱਸੜੂ ਰਕਾਬ ਜੂ
ਪਾਟਿਆ ਸਾ ਕੱਛੜੂ ਤੇ ਨੀਲੜਾ ਸਾ ਚਾਦਰੂ ਹੈ
ਫ਼ਚੂ ਜੈਸਾ ਪੱਗੜੂ ਬਣਾਇਆ ਸਿਰ ਤਾਜ ਜੂ
ਟੁੱਟਾਂ ਜੈਸਾ ਤੇਗੜੂ ਤੋਂ ਲੀਰੜੂ ਮਿਆਨ ਜਾਂਕੋ
ਗਠਸਠ ਗਾਤਰਾ ਬਣਾਇਆ ਸਭ ਸਾਜ ਜੂ
ਨਾਮ ਤੋ ਅਕਾਲੜੂ ਸ਼ੋ, ਫਿਰੈਂ ਬੁਰੇ ਹਾਲੜੂ ਸੋ
ਲੂਟ ਕੂਟ ਖਾਵਣੇ ਕੋ ਡਾਢੇ ਉਸਤਾਜ ਜੂ। [ਸ੍ਰੀ ਗੁਰਪੰਥ ਪ੍ਰਕਾਸ਼

ਨਿਹੰਗ ਸਿੰਘ

'ਨਿਹੰਗ' ਸ਼ਬਦ ਕਾਫੀ ਪੁਰਾਤਨ ਹੈ ਜਿਸਦਾ ਅਰਥ ਹੈ—ਨਿਧੜਕ, ਨਿਰਭੈ, ਵਰਿਆਮ ਜੋਧਾ। ਗੁਰਬਾਣੀ ਵਿਚ ਪੰਚਮ ਪਾਤਸ਼ਾਹ ਨੇ ਇਹ ਸ਼ਬਦ ਵਰਤਿਆ ਹੈ—

'ਨਿਰਭੈ ਹੋਇਓ ਭਇਆ ਨਿਹੰਗਾ।' [ਆਸਾ 5

'ਗੁਰੂ ਗੋਬਿੰਦ ਸਿੰਘ ਜੀ ਨੇ ਚੰਡੀ ਦੀ ਵਾਰ ਵਿਚ ਵੀ ਇਸ ਪਦ ਦਾ ਪ੍ਰਯੋਗ ਕੀਤਾ ਹੈ :—

'ਪਿਛਲਾਂ ਦਲਾਂ ਮਿਲੰਦਿਆਂ, ਭੇੜ ਪਯਾ ਨਿਹੰਗਾਂ।'੪੭।

ਸਾਧੂ ਹਰਿਦਾਸ ਦਾ ਨਿਰੰਜਨੀ ਪੰਥ ਹੈ, ਉਸਦੇ ਦੋ ਵੱਡੇ ਅੰਗ ਹਨ—ਘਰਬਾਰੀ ਤੇ ਨਿਹੰਗ। ਨਿਹੰਗ ਦਾ ਭਾਵ ਉਥੇ ਬਿਰਕਤਾਂ ਤੋਂ ਹੈ ਜੋਕਿ ਖਾਕੀ ਰੰਗ ਦੀ ਗੋਦੜੀ ਗਲ ਵਿਚ ਪਾ ਕੇ ਰਖਦੇ ਹਨ। ਪਰ ਸਿੱਖ ਪੰਥ ਦੇ ਨਿਹੰਗ ਸਿੰਘ, ਬਿਹੰਗਮ ਵਿਚਰਦੇ, ਨੀਲਾ ਬਾਣਾ ਪਹਿਨਦੇ ਤੇ ਸਦਾ ਸ਼ਸਤ੍ਰ ਸਜਾ ਕੇ ਰਖਦੇ ਹਨ। ਕਿਸੇ ਸਮੇਂ ਸਾਰੀ ਸਿਖ ਕੌਮ ਹੀ—ਕੀ ਘਰਬਾਰੀ ਤੇ ਕੀ ਬਿਰਕਤ—ਸਭੇ ਲਗਭਗ ਬਨਵਾਸੀ ਸਨ ਤੇ ਸਭ ਦਾ ਬਾਣਾ ਵੀ ਨੀਲਾ ਹੀ ਸੀ। ਅਜ ਕੱਲ ਕੇਵਲ ਨਿਹੰਗ ਹੀ ਨੀਲੰਬਰਧਾਰੀ ਹਨ ਤੇ ਉਪਰੋਕਤ ਖਾਲਸਈ ਬੋਲੇ ਵੀ ਵਧੇਰੇ ਇਹੋ ਹੀ ਵਰਤੋਂ ਵਿਚ ਲਿਆਉਂਦੇ ਹਨ। ਇਉਂ ਜਾਪਦਾ ਹੈ ਜਿਵੇਂ ਕਿ ਇਸ ਜਥੇ ਨੇ ਪੁਰਾਤਨ ਸਿੰਘ ਰਹੁਰੀਤਿ ਤੇ ਪਰੰਪਰਾ ਨੂੰ ਜਿਵੇਂ ਕਿਵੇਂ ਕੁਝ ਹਦ ਤਕ ਕਾਇਮ ਰਖਿਆ ਹੋਇਆ ਹੈ। ਇਹ ਠੀਕ ਹੈ ਕਿ ਬਹੁਤ ਸਾਰੇ ਬੋਲੇ ਲੋਪ ਹੋ ਗਏ ਹਨ ਪਰ ਜਿਤਨੇ ਕਿ ਬਾਕੀ ਹਨ, ਉਹ ਵੀ ਨਿਹੰਗ ਸਿੰਘਾਂ ਦੀ ਬੋਲ ਬਾਣੀ ਕਰਕੇ ਕਾਇਮ ਦਾਇਮ ਹਨ। ਇਹੋ ਇਸ ਭਾਸ਼ਾ ਦੇ ਰਖਵਾਲੇ ਤੇ ਭੰਡਾਰੀ ਹਨ।

ਵਿਸ਼ੇਸ਼ਤਾਵਾਂ —

ਇਨ੍ਹਾਂ ਗੜਗੱਜ ਬੋਲਿਆਂ ਤੋਂ ਸਿੰਘਾਂ ਦੇ ਆਚਰਣ ਦੇ ਕਈ ਪਹਿਲੂ ਉਜਾਗਰ ਹੁੰਦੇ ਹਨ, ਜਿਵੇਂ ਕਿ :—

੧— ਆਤਮ—ਗੌਰਵ (ਚੜ੍ਹਦੀ ਕਲਾ)

੨— ਬੌਧਿਕਤਾ

੩— ਸੁਹਜਾਤਮਕਿਤਾ

੪— ਨਿਰਭੈਤਾ

(੧) ਆਤਮ-ਗੌਰਵ (Self respect)

ਜੇ ਧਿਆਨ ਨਾਲ ਵੇਖਿਆ ਜਾਵੇ ਤਾਂ ਇਨ੍ਹਾਂ ਬੋਲਿਆਂ ਤੋਂ ਸਭ ਤੋਂ ਵਧ ਸਿੱਖਾਂ ਦੀ ਚੜ੍ਹਦੀ ਕਲਾ ਦਾ ਦਰਸ਼ਨ ਹੁੰਦਾ ਹੈ। ਸਾਨੂੰ ਪਤਾ ਹੈ ਕਿ ੧੮ ਵੀਂ ਸਦੀ ਦੇ ਮੁੱਢ ਤੋਂ ਹੀ ਸਿੱਖੀ ਲਹਿਰ ਸਰਕਾਰੀ ਕਰੋਪੀ ਦਾ ਸ਼ਿਕਾਰ ਹੋਈ ਤੇ ਇਹ ਕਰੋਪੀ ਵਧਦੀ ਹੀ ਗਈ। ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸ਼ਹੀਦ ਹੋਏ, ਸਾਰੀ ਕੌਮ ਘਰੋਂ ਬੇਘਰ ਹੋਈ, ਪੰਜਾਹ ਸਾਲ ਲਗਾਤਾਰ ਬਨਵਾਸੀ ਜੀਵਨ ਗੁਜ਼ਾਰਨਾ ਪਿਆ, ਆਰਥਿਕ ਤੰਗੀਆਂ ਦੀ ਕੋਈ ਹੱਦ ਨਾ ਰਹੀ, ਫ਼ਿਰ ਵੀ ਸਿੰਘ ਜਦ ਗੱਲ-ਬਾਤ ਕਰਦੇ ਤਾਂ ਉਸ ਤੋਂ ਚੜ੍ਹਦੀ ਕਲਾ ਦਾ ਝਲਕਾਰਾ ਵਜਦਾ, ਇਉਂ ਲਗਦਾ ਜਿਵੇਂ ਇਨ੍ਹਾਂ ਤੇ ਕਦੀ ਕੋਈ ਮੁਸੀਬਤ ਆਈ ਹੀ ਨਹੀਂ। ਇਹ ਇਕ ਨੂੰ ਸਵਾ ਲੱਖ ਜਾਂ ਵਿਰ ਫੌਜ ਕਹਿ ਕੇ ਖੁਸ਼ ਹੁੰਦੇ, ਇਹ ਮਾਮੂਲੀ ਕੰਮ ਨੂੰ ਵੀ 'ਮੋਰਚਾ ਫਤੇ' ਆਖਦੇ, ਮਰਨ ਨੂੰ ਚੜ੍ਹਾਈ ਕਰਨਾ, ਦੌੜਨ ਨੂੰ ਹਰਨ ਹੋਣਾ, ਮੰਗਣ ਨੂੰ ਉਗਰਾਹੀ ਕਰਨਾ ਜਾਂ ਮਾਮਲਾ ਲੈਣਾ, ਤੇ ਚਿਖਾ ਨੰ ਕਾਠ ਗੜ੍ਹ ਕਹਿਣਾ, ਮੌਤ ਉਤੇ ਵਿਜੈ ਦਾ ਸੂਚਕ ਸੀ। ਇਨ੍ਹਾਂ ਦੀ ਮਾਮੂਲੀ ਸਰੀਰਕ ਕ੍ਰਿਆ ਵੀ ਜੰਗੀ ਕਾਰਵਾਈ ਸੀ। ਟੱਟੀ ਜਾਣਾ—ਮੈਦਾਨ ਮਾਰਨਾ, ਪਿਸ਼ਾਬ ਕਰਨਾ—ਤੇੜਾ ਝਾੜਨਾ ਚੀਤਾ ਭਜਾਉਣਾ ਸ਼ਰਰਾ ਮਾਰਨਾ ਜਾਂ ਚਿਤੌੜ ਗੜ੍ਹ ਤੋੜਨਾ। ਕਿਹਾ ਜਾਂਦਾ ਸੀ। ਹਰ ਸਿੰਘ ਦਾ ਡੇਰਾ, ਛਾਉਣੀ ਸੀ। ਤਲਵਾਰ ਨੂੰ ਭਗੌਤੀ, ਸਾਗ ਨੂੰ ਸਬਜ਼ ਪਲਾ, ਜੰਡ ਫਲੀ ਨੂੰ ਜਲੇਬੀ, ਟੀਂਡੇ ਨੂੰ ਲੱਡੂ, ਪੀਲੂ ਨੂੰ ਦਾਖ, ਹੋਲਾਂ ਨੂੰ ਲੈਚੀ, ਛੋਲੂਏ ਨੂੰ ਸੌਗੀ, ਭੁਜੇ ਛੋਲਿਆਂ ਨੂੰ ਬਦਾਮ, ਬੱਕਲੀਆਂ ਨੂੰ ਬੂੰਦੀ, ਬਾਜਰੇ ਨੂੰ ਲਾਚੀ ਦਾਣਾ, ਡੇਲਿਆਂ ਨੂੰ ਬਿਦਾਣਾਂ, ਬੇਰ ਨੂੰ ਖੁਰਮਾ, ਤੂੜੀ ਨੂੰ ਚੂਰਮਾ, ਟੁੱਟੇ ਛੱਪਰ ਨੂੰ ਸ਼ੀਸ਼ ਮਹਲ, ਫਾਕੇ ਨੂੰ ਲੰਗਰ ਮਸਤ' ਕਹਿ ਕੇ ਵਕਤ ਲੰਘਾਉਣਾ ਇਹਨਾਂ ਨੂੰ ਆਉਂਦਾ ਸੀ।

(੨) ਬੌਧਿਕਤਾ : (Wisdom)

ਜਿਥੇ ਤਕ ਬੌਧਿਕਤਾ ਜਾਂ ਦਿਮਾਗੀ ਸੂਝ-ਸੂਝ ਦਾ ਸਬੰਧ ਹੈ, ਇਨ੍ਹਾਂ ਬੋਲਿਆਂ ਤੋਂ ਇਹ ਗੁਣ ਵੀ ਭਲੀ ਭਾਂਤ ਪਰਗਟ ਹੁੰਦਾ ਹੈ। ਸਾਨੂੰ ਇਹ ਜ਼ਰੂਰ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਇਹ ਲੋਕ ਸਰਕਾਰ ਵਲੋਂ ਘਰੋਂ ਬਾਰੋਂ ਬਾਹਰ ਕੀਤੇ ਜਾਣ ਕਾਰਣ ਵਿਦਿਆ ਵਲੋਂ ਬਿਲਕੁਲ ਵੰਚਿਤ ਰੱਖੇ ਗਏ ਸਨ, ਕੇਵਲ ਗੁਰਮੁਖੀ ਹੀ ਇਨ੍ਹਾਂ ਦੇ ਗਿਆਨ ਦਾ ਸਾਧਨ ਸੀ, ਉਹ ਵੀ ਜੇ ਕਿਤੇ ਅਮਨ-ਅਮਾਨ ਦਾ ਸਮਾਂ ਮਿਲਦਾ ਤਾਂ ਦੋ ਅੱਖਰ ਸਿੱਖ ਲੈਂਦੇ। ਪਰੰਤੂ ਐਸੀ ਹਾਲਤ ਦੇ ਬਾਵਜੂਦ ਜਿਸ ਤਰ੍ਹਾਂ ਇਨ੍ਹਾਂ ਸੰਕੇਤ ਘੜੇ, ਉਨ੍ਹਾਂ ਤੋਂ ਸਿੱਧੇ-ਸਾਦੇ ਲੋਕਾਂ ਦੇ ਬੌਧਿਕ ਕਮਤਕਾਰ

ਦਾ ਪਤਾ ਲਗਦਾ ਹੈ । ਇਹ ਮਿਰਚ ਨੂੰ 'ਲੜਾਕੀ' ਕਹਿਣ ਵੇਲੇ ਸਾਰਥਿਕ ਹਨ । ਲੂਣ ਨੂੰ 'ਸਰਬ-ਰਸ' ਕਹਿਕੇ ਇਹ ਭਾਵ ਪਰਗਟ ਕੀਤਾ ਜਾਂਦਾ ਹੈ ਕਿ ਲੂਣ ਉਹ ਚੀਜ਼ ਹੈ, ਜੋ ਸਾਰੀਆਂ ਦਾਲ ਸਬਜ਼ੀਆਂ ਵਿਚ 'ਰਸ' ਪੈਦਾ ਕਰਦਾ ਹੈ । ਇਸੇ ਤਰ੍ਹਾਂ ਦੀਵੇ ਨੂੰ ਉਜਾਗਰ, ਗੱਠੇ ਨੂੰ ਰੂਪਾ, ਸ਼ੱਕਰ ਨੂੰ ਸਿਰਖੰਡੀ, ਗੁੜ ਨੂੰ ਸਿਰ ਜੋੜ, ਘਿਉ ਨੂੰ ਪੰਜਵਾਂ, ਤੇਲ ਨੂੰ ਛੇਵਾਂ, ਤਹਿਮਤ ਨੂੰ ਹੁੰਝਾ, ਦਾਤਣ ਨੂੰ ਮੁਖ-ਮਾਂਜਣਾ, ਬੱਕਰੀ ਨੂੰ ਅਕਾਸ਼ਪਰੀ, ਸੋਟੇ ਨੂੰ ਸਲੋਤਰ ਜਾਂ ਅਕਲਦਾਨ, ਮੂਲੀ ਨੂੰ ਕਰਾੜੀ, ਮੱਛੀ ਨੂੰ ਜਲ ਤੋਰੀ, ਛਾਨਣੀ ਨੂੰ ਸੁਜਾਖੀ, ਸੂਈ ਨੂੰ ਚਲਾਕਣ, ਕੜਛੀ ਨੂੰ ਰੱਜੀ, ਖੁਰਪੇ ਨੂੰ ਬਾਜ, ਕਹੀ ਨੂੰ ਪਤਾਲਪੁਰੀ, ਨਕ-ਚੂੰਢੀ ਨੂੰ ਸ਼ਿਕਰੀ, ਬੁਖਾਰ ਨੂੰ ਆਕੜ-ਭੰਨ, ਨੀਂਦ ਨੂੰ ਧਰਮਰਾਜ ਦੀ ਧੀ, ਅੱਗ ਨੂੰ ਚੰਡੀ, ਨਿੰਮ ਨੂੰ ਧਨੰਤਰ, ਬਾਲਕ ਨੂੰ ਭੁਝੰਗੀ, ਬੱਕਰੇ ਨੂੰ ਚੁਟੰਗਾ, ਸਾਨ੍ਹ ਨੂੰ ਭਰਥਰੀ, ਬੰਦੂਕ ਨੂੰ ਰਾਮ ਜੰਗਾ, ਪਿਸਤੌਲ ਨੂੰ ਤਮਾਚਾ, ਤੇ ਟਕੂਏ ਨੂੰ ਸਫ਼ਾ ਜੰਗ ਕਹਿਕੇ ਯਾਦ ਕਰਨਾ ਇਨ੍ਹਾਂ ਦੀ ਸੂਖਮ ਸੋਝੀ ਦਾ ਲਖਾਇਕ ਹੈ ।

(੩) ਸੁਹਜਾਤਮਿਕਤਾ (Aesthetics)

ਕਹਿੰਦੇ ਹਨ, ਸੁਹਜ ਬੋਧ (Aesthetic sense) ਲੰਮੇ ਤਜਰਬੇ ਅਤੇ ਵਿਦਿਆ ਦੇ ਅਧਿਐਨ ਬਾਅਦ ਆਉਂਦਾ ਹੈ ਪਰੰਤੂ ਕੁਦਰਤ ਨੇ ਇਹ ਦਾਤ ਹਰ ਇਕ ਨੂੰ ਹਿੱਸੇ ਬਹਿੰਦੀ ਦਿਤੀ ਹੈ । ਖਾਲਸਈ ਬੋਲਿਆਂ ਤੋਂ ਜ਼ਾਹਰ ਹੈ ਕਿ ਇਨ੍ਹਾਂ ਦਾ ਸੁਹਜ ਪੱਖ ਵੀ ਕਾਬਲਿ ਤਾਰੀਫ ਹੈ ਜਿਵੇਂ ਕਿ ਸਿੱਖ ਬਣਨ ਨੂੰ ਕਹਿਣਾ ਸਿੰਘ ਸਜਣਾ, ਦਸਤਾਰ ਸਜਾਉਣਾ, ਪ੍ਰਸ਼ਾਦਾ ਸਜਾਉਣਾ, ਜਲ ਛਕਾਉਣਾ ਕੋਈ ਚੀਜ਼ ਹਾਸਲ ਕਰਕੇ ਕਹਿਣਾ—ਗੁਰੂ ਕੀਆਂ ਖੁਸ਼ੀਆਂ, ਅਨੰਦ ਜਾਂ ਫਿਰ ਕੋਈ ਚੀਜ਼ ਮੰਗਣੀ ਹੋਵੇ ਤਾਂ ਕਹਿਣਾ—ਗੱਫਾ ਬਖਸ਼ੋ । ਕੋਈ ਅਣਭਾਉਂਦੀ ਗੱਲ ਹੋ ਜਾਣੀ ਜਾਂ ਸੰਕਟ ਪੈਣ ਤੇ ਕਹਿਣਾ 'ਗੁਰੂ ਕਾ ਭਾਣਾ' ਹੈ । ਇਹ ਗੱਲ ਇਨ੍ਹਾਂ ਦੀ ਸੂਖਮ ਕੋਮਲ ਬਿਰਤੀਆਂ ਦੀ ਸੂਚਕ ਹੈ ।

ਕਈ ਚੀਜ਼ਾਂ ਦੇ ਨਵੇਂ ਪਾਏ ਨਾਮ ਇਸ ਸੁਹਜਾਤਮਕਤਾ ਨੂੰ ਪ੍ਰਗਟਾਉਂਦੇ ਹਨ । ਇਹ ਕਿੱਕਰ ਨੂੰ ਸਦਾ ਗੁਲਾਬ, ਭੁੰਨੀ ਜੁਆਰ ਨੂੰ ਚਾਂਦਨੀ ਪੁਲਾ, ਦੁਧ ਨੂੰ ਸਮੁੰਦਰ, ਭੰਗ ਨੂੰ ਸੁਖ-ਨਿਧਾਨ, ਭੰਗ ਦੀ ਸ਼ਰਦਾਈ ਨੂੰ ਸ਼ਹੀਦੀ ਦੇਗ, ਪਰਨੇ ਨੂੰ ਹਜ਼ੂਰੀਆ, ਗਾਜਰਾਂ ਨੂੰ ਗੁਬਿੰਦੀਆਂ, ਮੱਕੀ ਨੂੰ ਬਸੰਤ ਕੌਰ, ਕਣਕ ਨੂੰ ਰੂਪ ਕੌਰ, ਬੈਂਗਣ ਨੂੰ ਬਟੇਰਾ', ਸ਼ੀਸੇ ਨੂੰ ਦੀਦਾਰਾ ਸਿੰਘ, ਕਾਤ੍ਰਨੀ ਨੂੰ ਰੂਪ ਕੌਰ, ਰਜਾਈ ਨੂੰ ਅਫਲਾਤੂਨੀ, ਮੰਜੇ ਨੂੰ ਕੋਤਲ, ਸਾਧਾਰਣ ਘੋੜੇ ਨੂੰ ਰਾਕਾ, ਭੇਡ ਨੂੰ ਪਰੀ, ਜੁੱਤੀ ਨੂੰ ਚਰਨਦਾਸੀ, ਗੰਜੇ ਨੂੰ ਕਲਗਾ ਸਿੰਘ, ਅੰਨ੍ਹੇ ਨੂੰ ਸੂਰਮਾ ਸਿੰਘ, ਕਾਣੇ ਨੂੰ ਲਖਨੇਤ੍ਰਾ ਸਿੰਘ, ਲੰਗੜੇ ਨੂੰ ਸੁਚਾਲਾ ਸਿੰਘ, ਬੋਲ਼ੇ ਨੂੰ ਚੁਬਾਰੇ ਚੜ੍ਹਿਆ ਸਿੰਘ, ਗੁੰਗੇ ਨੂੰ ਗੁਪਤਾ ਸਿੰਘ, ਪੋਸਤ ਨੂੰ ਸ਼ਾਹ ਜਹਾਂ ਸ਼ਰਾਬ ਨੂੰ ਪੰਜ-ਰਤਨੀ ਜਾਂ ਗੰਗਾ ਜਲੀ, ਅਫੀਮ ਨੂੰ ਛਤ੍ਰਧਾਰਾ ਜਾ ਚਿਮਨੀ ਬੇਗਮ, ਤੂਤ ਨੂੰ ਰੰਘੜ, ਹੁੱਕੇ ਨੂੰ ਜਗਤ ਜੂਠ, ਤਾਪ ਨੂੰ ਮਾਮਾ, ਪਾਟੇ ਪੁਰਾਣੇ ਕਪੜੇ ਨੂੰ ਹੰਕਾਰਿਆ ਹੋਇਆ, ਰਹਿਤ ਮਰਯਾਦਾ ਵਿਚ ਢਿੱਲੇ ਮੱਠੇ ਨੂੰ ਦਬੜੂ-ਘੁਸੜੂ ਜਾਂ ਕੱਚਾ ਪਿੱਲਾ, ਸੌਣ ਨੂੰ ਅੜਿੰਗਬੜਿੰਗ, ਸਜ਼ਾ ਨੂੰ ਤਨਖਾਹ, ਰੋਡ-ਮੋਡ ਨੂੰ ਸਿਰ-ਘਸਾ ਤੇ ਬਾਕੀ ਦੁਨੀਆਂ ਨੂੰ ਚੁਰਾਸੀ ਕਹਿ ਕੇ ਮੌਜ ਲੈਂਦੇ ਹਨ ।

(੪) ਨਿਰਭੈਤਾ : (Fearless ness)

ਖਾਲਸਈ ਬੋਲਿਆਂ ਵਿਚ ਸਰਕਾਰ ਦੇ ਅਹੁਦਿਆਂ ਅਤੇ ਸਰਕਾਰੀ ਮਜ਼ਬ (ਇਸਲਾਮ) (ਬਾਰੇ ਭੀ ਕਈ ਕਟਾਖਮਈ ਸੰਕੇਤ ਮਿਲਦੇ ਹਨ । ਇਨ੍ਹਾਂ ਤੋਂ ਸਿੰਘਾ ਦੀ ਨਿਰਭੈਤਾ ਤੇ ਦਲੇਰੀ

ਦਾ ਪਤਾ ਲਗਦਾ ਹੈ ਕਿ ਉਹ ਇਨ੍ਹਾਂ ਅਹੁਦੇਦਾਰਾਂ ਨੂੰ ਕੁਝ ਨਹੀਂ ਸੀ ਸਮਝਦੇ। ਰੁਪਈਆ ਉਨ੍ਹਾਂ ਲਈ ਛਿੱਲੜ ਸੀ ਤੇ ਸ਼ਾਹੀ ਜਾਗੀਰ ਟੁੱਕਰ। ਇਸ ਕਰਕੇ ਉਨ੍ਹਾਂ ਆਪਣੀ ਮਰਜ਼ੀ ਨਾਲ ਇਹ ਨਾਂ ਪਾਏ ਹੋਏ ਸਨ ਜਿਵੇਂ ਕਿ:—

ਝਾੜੂਬਰਦਾਰ ਨੂੰ ਸੂਬੇਦਾਰ, ਗਧੇ ਨੂੰ ਥਾਣੇਦਾਰ, ਛੱਜ ਨੂੰ ਅਦਾਲਤੀਆ, ਖੂੰਡੇ ਨੂੰ ਕਾਨੂੰਗੋ, ਕੁੱਤੇ ਨੂੰ ਕੁਤਬਦੀਨ ਤੇ ਕਾਜ਼ੀ ਨੂੰ ਮੁਰਗਾ ਆਦਿ। ਇਹ ਸਭ ਛੇੜਖਾਨੀ ਸੀ ਤੇ ਇਹ ਛੇੜਖਾਨੀ ਉਨ੍ਹਾਂ ਹਤਿਆਰਿਆਂ ਨੂੰ ਚੋਟ ਮਾਰਨ ਲਈ ਸੀ ਜੋ ਅਕਾਰਣ ਬੇਗੁਨਾਹ ਸਿੰਘਾਂ ਨੂੰ ਸਤਾਉਣ ਤੇ ਲਗੇ ਰਹਿੰਦੇ ਸਨ। ਏਸੇ ਗੁੱਸੇ ਵਿਚ ਉਨ੍ਹਾਂ ਜੇ ਜੰਗਲ ਪਾਣੀ ਜਾਣਾ ਪਵੇ ਤਾਂ ਕਹਿਣਾ—ਕਾਜ਼ੀ ਨੂੰ ਰਸਦ ਦੇਣ ਚਲੇ ਹਾਂ, ਜੇ ਕਿਤੇ ਪਖਾਨਾ ਪਿਆਂ ਦੇਖਣਾ ਤਾਂ ਕਹਿਣਾ, ਮੁਗਲ ਮਰਿਆ ਪਿਆ ਹੈ, ਜੇ ਜੁੱਤੀਆਂ ਟਕਰਾ ਕੇ ਝਾੜਨਾ ਤਾਂ ਕਹਿਣਾ, ਅਸੀਂ ਪਠਾਣਾਂ ਦੇ ਸਿਰ ਭਿੜਾ ਰਹੇ ਹਾਂ ਆਦਿਕ।

ਅਹਿਮਦ ਸ਼ਾਹ ਅਬਦਾਲੀ ਨੂੰ ਤਾਂ 'ਕਾਬਲੀ ਕੁੱਤੇ' ਦਾ ਖਿਤਾਬ ਦਿੱਤਾ ਹੋਇਆ ਸੀ ਤੇ ਉਸ ਸਮੇਂ ਹਰ ਹਮਲਾਵਰ ਪਠਾਣ ਇਸੇ ਪਾੜ-ਖਾਣੇ ਸੁਭਾ ਦਾ ਮਾਲਕ ਸੀ ਜਿਸ ਨੇ ਪੰਜਾਬ ਨੂੰ ਪਾੜ ਪਾੜ ਖਾਧਾ। ਇਸ ਬੋਲ-ਚਾਲ ਤੋਂ ਪਰਗਟ ਹੁੰਦਾ ਹੈ ਕਿ ਖਾਲਸੇ ਆਤਮਿਕ ਤੌਰ ਤੇ ਚੜ੍ਹਦੀ ਕਲਾ ਦੇ ਮਾਲਕ ਸਨ ਤੇ ਉਹ ਕਿਸੇ ਦੇ ਦਬੇਲ ਹੋ ਕੇ ਨਹੀਂ ਸੀ ਰਹਿੰਦੇ। ਇਹੋ ਸੁਤੰਤ੍ਰਤਾ ਦਾ ਸ਼ੌਕ ਉਨ੍ਹਾਂ ਨੂੰ ਆਖਰ ਅਜ਼ਾਦ ਸਟੇਟ ਦੇ ਮਾਲਕ ਬਣਾ ਗਿਆ।

ਬੋਲਿਆਂ ਦਾ ਲਿਖਤੀ ਰੂਪ—ਸਾਨੂੰ ਅਫਸੋਸ ਹੈ ਕਿ ਇਨ੍ਹਾਂ ਅਠਾਰਵੀਂ ਸਦੀ ਦੇ ਬੋਲਿਆਂ ਦਾ ਅਠਾਰਵੀਂ ਸਦੀ ਦਾ ਕੋਈ ਲਿਖਤੀ ਰੂਪ ਪ੍ਰਾਪਤ ਨਹੀਂ : ਜੇ ਹੈ ਤਾਂ ਬਹੁਤ ਥੋੜਾ।

ਜਦੋਂ ਮਈ 1739 ਈ: ਵਿਚ ਨਾਦਰਸ਼ਾਹ ਹਿੰਦ ਉਤੇ ਧਾਵਾ ਬੋਲਕੇ ਦਿਲੀ ਤੋਂ ਕਰੋੜਾਂ ਦੇ ਖਜ਼ਾਨੇ ਲੁਟਕੇ ਅਤੇ ਹਜ਼ਾਰਾਂ ਘੋੜੇ ਖੋਹਕੇ ਪੰਜਾਬ ਵਿਚਦੀ ਲੰਘਦਾ ਆਪਣੇ ਦੇਸ਼ ਨੂੰ ਪਰਤਦਾ ਹੈ ਤਾਂ ਉਸ ਲੁਟੇਰੇ ਨੂੰ ਇਕ ਅਨੋਖਾ ਤਜਰਬਾ ਹੁੰਦਾ ਹੈ ਕਿ ਸਿੰਘਾਂ ਦੇ ਗੁਰੀਲੇ ਜਥੇ ਪਹਾੜੀ ਖੱਡਾਂ ਵਿਚੋਂ ਅਚਾਨਕ ਝਪਟ ਝਪਟ ਕੇ ਉਸਨੂੰ ਚੰਗੀ ਤਰ੍ਹਾਂ ਲੁਟਦੇ ਤੇ ਉਸਦਾ ਭਾਰ ਹੌਲਾ ਕਰਦੇ ਹਨ, ਖਾਸ ਕਰਕੇ ਇਸੇ ਸਮੇਂ ਹੀ ਸਿੰਘ ਵਧੀਆ ਹਥਿਆਰ ਤੇ ਵਧੀਆ ਘੋੜਿਆਂ ਦੇ ਸ਼ਾਹਸਵਾਰ ਬਣਦੇ ਹਨ।

ਨਾਦਰਸ਼ਾਹ ਲਾਹੌਰ ਆ ਕੇ ਸੂਬੇਦਾਰ ਪੰਜਾਬ—ਜ਼ਕਰੀਆ ਖ਼ਾਂ ਨੂੰ ਪੁਛਦਾ ਹੈ ਕਿ ਇਹ ਕੌਣ ਲੋਕ ਹਨ ਜਿਨ੍ਹਾਂ ਮੇਰੀ ਫੌਜ ਦੀਆਂ ਬੱਝੀਆਂ ਕਤਾਰਾਂ ਨੂੰ ਕਈ ਵਾਰ ਤੋੜਿਆ ਤੇ ਵਾਰ ਵਾਰ ਲੋਟੀ ਪਾਈ। ਮੈਨੂੰ ਦੱਸ, ਇਹ ਕਿਥੇ ਰਹਿੰਦੇ ਹਨ ਤਾਂ ਕਿ ਮੈਂ ਇਸ ਕਬੀਲੇ ਦਾ ਸਫਾਇਆ ਕਰਦਾ ਜਾਵਾਂ। ਜਵਾਬ ਵਿਚ ਨਵਾਬ ਜ਼ਕਰੀਆ ਕਹਿੰਦਾ ਹੈ, ਇਹ ਤਾਂ ਘੋਰ ਜੰਗਲਾਂ ਦੇ ਵਾਸੀ ਹਨ ਅਤੇ ਇਨ੍ਹਾਂ ਦੇ ਘਰ ਘਾਟ ਘੋੜਿਆਂ ਦੀਆਂ ਕਾਠੀਆਂ ਉਤੇ ਹਨ। ਇਹ ਲੋਕ ਅਨੋਖੀ ਰਹਿਣੀ ਬਹਿਣੀ ਦੇ ਮਾਲਕ ਹਨ ਅਤੇ ਇਨ੍ਹਾਂ ਦੀ ਬੋਲ ਚਾਲ ਵੀ ਅਜੀਬੋ ਗਰੀਬ ਹੈ। ਇਹ ਵੇਰਵੇ ਸੁਣ ਕੇ ਨਾਦਰ ਹੱਕਾ ਬੱਕਾ ਰਹਿ ਜਾਂਦਾ ਤੇ ਆਖਦਾ—'ਇਸ ਕੌਮ ਦੇ ਤੌਰ ਤਰੀਕੇ ਤੋਂ ਤਾਂ ਮੈਨੂੰ ਬਾਦਸ਼ਾਹਤ ਦੀ ਬੂ ਆਉਂਦੀ ਹੈ। 'ਅਜ਼ੀਂ ਕੌਮੇ, ਬੂਇ ਸਲਤਨਤ ਮੀਆਯਦ।'

ਇਥੇ ਗਿ: ਗਿਆਨ ਸਿੰਘ ਜੀ ਨੇ ਬੜੀ ਸੂਝ-ਬੂਝ ਤੋਂ ਕੰਮ ਲੈਕੇ ਖਾਲਸੇ ਦੇ ਉਚੇ ਆਚਰਣ ਦੇ ਕੁਝ ਗੜਗੱਜ ਬੋਲਿਆਂ ਦਾ ਚਰਚਾ ਕੀਤਾ ਹੈ, ਜੋ ਕਿ ਪੜ੍ਹਨ ਲਾਇਕ ਹੈ।

'ਇਹ ਵੀਚਾਰ ਫਿਰ ਖਾਨ ਬਖਾਨੀ । ਕਿਤੈ ਨ ਉਨਕੀ ਮੁਲਕ ਨਿਸ਼ਾਨੀ ।
ਗ੍ਰਾਮ ਕਿਸੀ ਮੈਂ ਸੋ ਨ ਬਸੈ ਹੈਂ, ਰਾਤ ਕਿਤੇ ਦਿਨ ਕਿਤੇ ਬਿਤੈ ਹੈਂ ।
ਘਰ ਦਰ ਟੱਬਰ ਰਾਖਤ ਨਾ ਵੈ, ਪਲੇ ਪਲਾਏ ਉਨ ਮੇਂ ਆਵੈਂ ।
ਚਾਰੋਂ ਵਰਣੋਂ ਮੈਂ ਸੇਂ ਕੋਈ । ਆਵਤ ਹੋਤ 'ਖਾਲਸਾ' ਸੋਈ...।
ਜਬ ਕੋ ਮਜ਼ਬ ਇਨ੍ਹੋਂ ਕਾ ਗਹਿ ਹੈ । ਵਾਹਿਗੁਰੂ ਕੀ ਫਤੇ ਗਜੈ ਹੈਂ ।
ਖੁਸ਼ਿ ਹੈ ਹਲੂਆ ਬਟਤ ਬਧਾਈ । ਗਾਵਤ ਗੀਤ ਸਭਾ ਬੋਲ ਲਾਈ ।
ਪਿਛਲਾ ਭੇਸ ਦੇਤ ਉਤਰੈ ਹੈਂ । ਕਾਢ ਕਿਰਪਾਨ ਕੇਸ ਰਖਵੈ ਹੈਂ ।
ਇਕ ਅਕਾਲ ਕੀ ਕਰਤ ਬੰਦਗੀ । ਸ਼ਸਤ੍ਰ ਵਿਦਿਆ ਬਹੁ ਪਸਿੰਦਗੀ ।
ਨਾਮ ਸਿੰਘ ਬਨ ਮਜ਼ਬ ਖਾਲਸਾ, ਛੋਡ ਦੇਤ ਸਭ ਜਗਤ ਜਾਲਸਾ ।
ਸਿਰ ਪਰ ਚੱਕ੍ਰ ਕਰਦਾਂ ਤੋੜੇ । ਔਰੈਂ ਸ਼ਸਤ੍ਰ ਰਖਤ ਨ ਥੋੜੇ ।
ਪੇਟੀ ਟੋਪ ਸੰਜੋਇ ਚਿਰਾਨੇ, ਮਣ ਮਣ ਲੋਹਾ ਰਖਤ ਮਹਾਨੇ ।
ਫਿਰ ਵੀ ਦੌੜੇ ਦੇਤ ਨਾ ਡਾਹੈਂ, ਬਨ ਮੈਂ ਮ੍ਰਿਗਨ ਸਮ ਧਸ ਜਾਹੈਂ ।
ਧਾਵੈ ਮਾਰਤ ਕੋਸ ਪਚਾਸਕ੍ਰ, ਲੇਲ ਲੜਾਈ ਕੇ ਬੜੇ ਆਸ਼ਕ ।......
ਸੋਵਤ ਫਿਰਤੇ ਤੁਰਤੇ ਖੈ ਹੈਂ, ਪੀਠ ਲਗਾਇ ਨ ਧਰ ਪਰ ਪੈ ਹੈਂ ।
ਖਟ ਰਸ ਕਾ ਵਹ ਸਾਦ ਨ ਜਾਨੈ, ਕਪੜਾ ਔਰ ਨ ਤਨ ਪਰ ਠਾਨੈ ।
ਕਮਰ ਜਾਂਘੀਆ ਇਕ ਸਿਰ ਪਟਕਾ, ਭੂਰੇ ਗਿਲਤੀ ਬਾਣਾ ਜਟਕਾ ।
ਘਾਸ ਫੂਸ ਫਲ ਮੂਲ ਆਹਾਰ, ਖੈਂ ਹੈਂ ਕੱਚੇ ਹੀ ਮ੍ਰਿਗ ਮਾਰ ।
ਘੋੜਨ ਕੋ ਭੀ ਮਾਸ ਖੁਲੈ ਹੈਂ, ਸੌ ਸੌ ਕੋਸ ਭਗੇ ਹੀ ਜੈਹੈਂ ।
ਪਿਆਰੀ ਔਰੈਂ ਵਸਤੁ ਨ ਕਾਈ, ਇਕ ਸ਼ਸਤ੍ਰ ਇਕ ਚਹਤ ਲੜਾਈ ।
ਗਰਮੀ ਸਰਦੀਂ ਏਕ ਸਮਾਨੇ, ਜਬ ਕਛੂ ਤਿਆਰ ਕਰਤ ਹਿਤ ਖਾਨੇ ।
ਦੇਤ ਅਵਾਜ਼ਾ ਭੂਖਾ ਕੋਈ, 'ਆਓ ਦੇਗ ਤਿਆਰ ਗੁਰ ਹੋਈ ।'
ਓਸ ਸਮੇਂ ਬੈਰੀਂ ਕਿਉਂ ਨ ਆਵੈ, ਪਰਮ ਮੀਤ ਸਮ ਤਾਹਿ ਛਕਾਵੈਂ ।
ਬਚੈ ਤੋ ਪੀਛੇ ਖੁਦ ਖਾ ਲੈ ਹੈਂ । ਨਹੀਂ ਤੋਂ 'ਲੰਗਰ ਮਸਤ' ਬਤੈ ਹੈਂ ।
ਮਾਰਤ ਇਨ ਕੋ ਹਮ ਥਕ ਗਏ । ਇਹਨਿਤ ਬਾਢਤ ਜਾਤ ਹੈ ਨਏਂ ।
ਮੁਰਸ਼ਦ ਇਨ ਕਾ ਵਲੀ ਭਇਓ ਹੈ, ਇਨ ਕੋ ਆਬੇ ਹਯਾਤ ਦਯੋ ਹੈ ।
ਐਸੀਂ ਗਯੋ ਕਲਾਮ ਬਤੈ ਹੈ, ਜਿਸ ਸੈ ਸੁਧਾ ਬਨਾ ਇਹ ਲੈਯ ਹੈਂ ।
ਸੋ ਪਿਲਾਇ ਲੋਗਨ ਕੈ ਤਾਈਂ, ਸਿਯਾਰਨ ਤੇ ਸਿੰਘ ਲੇਤ ਬਨਾਈਂ ।
ਗਜ਼ਬ ਅਸਰ ਤਿਸ ਕਾ ਹਮ ਦੇਖਾ, ਬੁਜ਼ਦਿਲ ਹੋਵਤ ਸ਼ੇਰ ਬਿਸ਼ੇਖਾ ।
ਕਾਣ ਨ ਕਾਹੂੰ ਕੀ ਯਿਹ ਰਾਖਤ, ਸ਼ਹਿਨਸ਼ਾਹ ਖੁਦ ਹੀਂ ਕੋ ਲਾਖਤ
ਔਰ ਸਭਨ ਜੀਵਨ ਚੁਰਾਸੀ, ਮਾਨਤ ਆਪ ਤਾਈਂ ਅਬਿਨਾਸ਼ੀ ।
ਫੱਤ ਖਾਲਸਾ ਗੁਰ ਕਾ ਜ਼ਾਹਰ । ਕਹਤ ਚੁਰਾਸੀਂ ਤੈ ਹੈ ਬਾਹਰ ।
ਹਿੰਦੂ ਅੰਧੇ ਤੁਰਕੂ ਕਾਣੇ, ਸਿੰਘ ਗੁਰੂ ਕੇ ਸਭ ਤੇ ਸਿਆਣੇ ।
ਮੁਸਲਮਾਨ ਹਿੰਦੂਨ ਤੇ ਨਿਆਰੀਂ । ਰੀਤ ਇਨ੍ਹੋਂ ਮੇਂ ਹੈ ਭਲ ਸਾਰੀਂ ।

ਦੌਲਤ ਦੁਨੀਆ ਇਹ ਨਾ ਚਹਿ ਹੈਂ । ਮਜ਼ਬ ਧਰਮ ਪਰ ਜਾਨਾਂ ਦੇ ਹੈਂ ।
ਜੋ ਕੁਛ ਵਸਤੁ ਕਿਸੀਂ ਕੋ ਬਜਾ ਹੈ, ਪੰਥ ਤਈਂ ਖੁਸ਼ ਹੋਤ ਛਕਾ ਹੈ
ਕਾਮ ਅਰੰਭਤ ਜਬ ਕੋਊ ਏਹੈਂ 'ਧੰਨ ਵਾਹਿਗੁਰੂ' ਇਹ ਕਹਿ ਦੇਹੈ ।
ਬਾਤ ਬਾਤ ਮੈਂ ਇਹੋ ਅਲੈਹੈ । 'ਜੋ ਗੁਰ ਕਰਹੈ ਸੋਈਂ ਥੈ ਹੈਂ ।'
ਦੁਖ ਸੁਖ ਵੀਚ ਨਫੇ ਨੁਕਸਾਨੇ । ਭਾਣਾ ਗੁਰ ਕਾ ਖੁਸ਼ ਹੋ ਮਾਨੈ ।
ਸਵਾ ਲਾਖ ਕਹਿ ਏਕ ਜਨੇ ਕੋ । ਪਾਂਚ ਲਾਖ ਕਹਿ ਪਾਂਚ ਜਨੇ ਕੋ
ਮਾਨਿਤ ਸੁਖ ਦੁਖ ਆਇ ਬਨੇ ਕੋ । ਪੀਲੂ ਦਾਖ ਬਦਾਮ ਚਨੇ ਕੋ ।
ਜੰਡ ਫਲੀ ਕੋ ਕਹਤ ਜਲੇਬੀ । ਬੇਰਨ ਕੋ ਖੁਰਮੇ ਬਡ ਸੇਬੀ ।
ਲੱਡੂ ਟੀਂਡ ਬਿਦਾਨਾ ਬਾਟਾ । ਨਾਮ ਪਿਆਜ ਕਾ ਰੁਪਾ ਠਾਟਾ
ਪਾਨੀ ਕੋ ਪਰਸਾ ਪਰਪਾਕਾ । ਲੰਗਰ ਮਸਤ ਬਤਾਵੈਂ ਫਾਕਾ ।
ਗੰਜੇ ਕੋ ਕਲਗਾ ਸਿੰਘ ਭਾਖੈਂ । ਕਾਣੇ ਕੋ ਲਖਨੇਤ੍ਰਾ ਆਖੈਂ ।
ਸੂਰਾ ਸ਼ਿੰਘ ਕਹਿ ਅੰਧੇ ਤਾਈਂ । ਲੁੰਜੇ ਕੋ ਲਖਬਾਂਹਾਂ ਭਾਈਂ ।
ਲੂਲੇ ਬੁਧ ਅਵਤਾਰ ਕਹਾਵੈ । ਚੜ੍ਹਿਆ ਚੁਬਾਰੇ ਬਧਰਾ ਗਾਵੈ ।
ਲੰਗੜੇ ਕੋ ਕਹਿ ਸਿੰਘ ਸੁਚਾਲਾ । ਨਕਟਾ ਸੁਰਗ ਦੁਆਰੀ ਵਾਲਾ ।
ਕਹੈਂ ਸੁਨਹਿਰਾ ਕੂੰਡ ਤਾਈਂ । ਭੰਗ ਤਾਈਂ ਸੁੱਖਾ ਸਰਦਾਈ ।
ਖੁਰਪਾ ਬਾਜ਼ ਕਹੀਂ ਕਹਿ ਦਾਤੀਂ । ਕੱਸੀਂ ਪਤਾਲਪੁਰੀਂ ਬਖਿਆਤੀਂ ।
ਸਫਾ ਜੰਗ ਟਕੂਏ ਕੋ ਟੇਰੈਂ । ਫਤੇ ਕੁਮੈਤ ਛਟੀਂ ਕੋ ਹੇਰੈਂ ।
ਸਮੁੰਦ ਸਿੰਘ ਦੁਧ ਕੋ ਕੈ ਹੈਂ, ਛੀਵਾਂ ਤੇਲ ਪੰਜਵਾਂ ਘੀ ਲੈਂ ਹੈਂ ।
ਕਹੈ ਸਿਰਖਿੰਡੀ ਸ਼ੱਕਰ ਤਾਈਂ । ਲੂਣ ਸਰਬਰਸ ਛਕਤ ਸਦਾਈਂ ।
ਛਲਣੀਂ ਸਿੰਘ ਸੁਜਾਖਾ ਭਾਖੈਂ । ਅਫਲਾਤੂਨ ਰਜਾਈਂ ਲਾਖੈਂ ।
ਜੋੜ-ਮੇਲਨੀਂ ਸੂਈ ਸ਼ਿਕਰੀ, ਰੁਪਏ ਕੋ ਕਹੈਂ ਦਮੜਾ ਠਿਕਰੀ ।
ਸਬਜ਼ ਪੁਲਾਉ ਸਾਗ ਕੋ ਕੈ ਹੈ, ਮਾਸ ਮਹਾ ਪ੍ਰਸਾਦ ਬਤੈ ਹੈਂ ।
ਰਾਮ ਜੰਗੇ ਬੰਦੂਖਨ ਭਾਖੈਂ । ਸ੍ਰੀ ਸਾਹਿਬ ਤਲਵਾਰਨ ਆਖੈਂ ।
ਪੁਰਖ ਸ਼ਿੰਘ ਸਿੰਘਣੀਂ ਕਹਿ ਨਾਰੈਂ । ਭੁਜੰਗੀਂ ਬਾਲਕ ਤਾਈਂ ਉਚਾਰੈਂ ।
ਔਰ ਨੇਕ ਗੁਨ ਸ਼ਭ ਇਨ ਮੈਂ ਹੈ । ਔਗੁਨ ਇਕ ਹਮ ਕੋ ਦੁਖ ਦੈ ਹੈਂ ।
ਪਾਖਾਨੇ ਕੋ ਕਾਬਾ ਭਾਖੈਂ, ਪੜਾ ਮੁਗਲ ਮਲੇ ਕੋ ਆਖੈਂ ।
ਦੁਨੀਆਦਾਰ ਨ ਇਹ ਫਕੀਰ, ਬੇਮੁਹਤਾਜ ਸਦ ਸਾਬਰ ਧੀਰ ।
ਰੀਤਿ ਹਿੰਦੂਆਂ ਵਾਰੀ ਜੇਤੀ । ਤਜ ਰਾਖੀ ਇਨ ਸਬ ਬਿਧਿ ਤੇਤੀ ।

ਦੋਹਰਾ—ਸੁਨ ਹਵਾਲ ਸਿੰਘਾਨ ਕਾ ਨਾਦਰ ਸ਼ਾਹ ਵਿਸਮਾਇ
ਅੰਗੁਰੀ ਦਾਂਤਨ ਮੇਂ ਲਈਂ ਗੈਰਤ ਹੈਰਤ ਖਾਇ ।
ਨਾਦਰ ਕਾਦਰ ਸੋਚ ਪੁਨ ਕਹਯੋ ਨੁਵਾਬਹਿ ਐਸ
ਜੇਕਰ ਹੈਂ ਯਹਿ ਐਸ ਹੀ, ਭਾਖਤ ਹੋ ਤੁਮ ਜੈਸ ।

ਤੇ ਇਹ ਮਾਰੇ ਨ ਮਰੈਂ, ਜੀਤ ਸਕੇ ਇਨ ਕੌਨ
ਨਾਹਕ ਸਹਤ ਕਲੇਸ਼ ਤੁਮ, ਦੁਖ ਦੇਤ ਇਨ ਜੌਨ ।
ਮਾਰਤ ਹੋ ਤੁਮ ਆਪ ਹੀ, ਅਪਨੇ ਪੈਰ ਕੁਠਾਰ ।
ਕੁਛ ਦਿਨ ਕੋ ਸਿੰਘ ਹੋਇ ਹੈਂ. ਭੂਪਤਿ ਮੁਲਕ ਮਝਾਰ ।

(ਸ੍ਰੀ ਗੁਰਪੰਥ ਪ੍ਰਕਾਸ, ੭੭ ਵਾਂ ਨਿਵਾਸ,
ਪੰਨਾ 732-35

ਇਸ ਤਰ੍ਹਾਂ ਸ਼ਾਇਦ ਸਭ ਤੋਂ ਪਹਿਲਾਂ ਗਿ. ਗਿਆਨ ਸਿੰਘ ਜੀ ਨੇ ਕੁਝ ਸਿੰਘ-ਬੋਲਿਆਂ ਦਾ ਚਰਚਾ ਕੀਤਾ ਹੈ ਜਾਂ ਫਿਰ 'ਇਬਰਤਨਾਮੇ' (ਅਲੀਉਦੀਨ ਮੁਫਤੀ, 1854 ਈ:) ਵਿਚ ਕੁਝ ਖਾਲਸਈ ਸੰਕੇਤ ਰੀਕਾਰਡ ਕੀਤੇ ਮਿਲਦੇ ਹਨ ।

ਵੀਹਵੀਂ ਸਦੀ ਦੇ ਮੁੱਢ ਵਿਚ ਖਾਲਸਾ ਟ੍ਰੈਕਟ ਸੁਸਾਇਟੀ ਵਲੋਂ ਡੇਢ ਸੌ ਪੰਨੇ ਦੇ ਨਿਰਗੁਣੀਆਰੇ ਟ੍ਰੈਕਟ (ਅੰਕ ਨੰ. ੩੦੦) ਵਿਚ ਕਾਫੀ ਵਿਸਥਾਰ ਨਾਲ ਗੜਗੱਜ ਬੋਲਿਆਂ ਦੀ ਅੱਖਰ-ਕ੍ਰਮ ਅਨੁਸਾਰ (ਅਰਥਾਂ ਸਮੇਤ) ਸੂਚੀ ਦਿਤੀ ਗਈ ਸੀ ।

ਸੰਤ ਜਵਾਲਾ ਸਿੰਘ ਵਿਰਕਤ ਜੀ ਨੇ ਵੀ 'ਖਾਲਸੇ ਦੇ ਬੋਲੇ' ਨਾਂ ਹੇਠ ਇਨ੍ਹਾਂ ਨੂੰ ਸੰਚਿਤ ਕਰਨ ਦਾ ਉਪਰਾਲਾ ਕੀਤਾ। ਇਸਤੋਂ ਬਾਦ ਭਾਈ ਕਾਨ੍ਹ ਸਿੰਘ ਜੀ ਨੇ 'ਮਹਾਨ ਕੋਸ਼' ਵਿਚ ਇਨ੍ਹਾਂ ਨੂੰ ਦਰਜ ਕੀਤਾ। ਪਰ ਇਸ ਬਾਰੇ ਖੋਜ ਕਾਰਜ ਘਟ ਹੀ ਹੋਇਆ ਹੈ।

ਇਹ ਵੀ ਅਸੀਂ ਵੇਖਦੇ ਹਾਂ ਕਿ ਖਾਲਸਈ ਬੋਲਿਆਂ ਵਿਚ ਵਧੇਰੇ ਵਸਤਾਂ ਦੇ ਨਵੇਂ ਨਾਮ ਰਖੇ ਗਏ ਹਨ ਤੇ ਕ੍ਰਿਆ ਦੀ ਤਬਦੀਲੀ ਕਿਤੇ ਕਿਤੇ ਹੈ। ਜਿਵੇਂ ਖਾਣਾ ਨੂੰ ਛਕਣਾ, ਮਰਨਾ ਨੂੰ ਅਸਵਾਰਾ ਕਰਨਾ ਜਾਂ ਚੜ੍ਹਾਈ ਕਰਨਾ, ਮੰਗਣਾ ਨੂੰ ਉਗ੍ਰਾਹੁਣਾ, ਜਾਂ ਮਾਮਲਾ ਲੈਣਾ ਕਿਹਾ ਜਾਂਦਾ ਹੈ । ਇਕ ਕ੍ਰਿਆ 'ਸਜਣਾ' ਬਹੁਤ ਆਮ ਵਰਤੀ ਜਾਂਦੀ ਹੈ। ਜਿਵੇਂ ਕਿ:—

(੧) ਆਮ ਆਦਮੀ—ਮੁੰਡਾ ਪੱਗ ਬੰਨ੍ਹ ਰਿਹਾ ਹੈ।
ਖਾਲਸਾ—ਭੁਝੰਗੀ ਦਸਤਾਰਾ ਸਜਾ ਰਿਹਾ ਹੈ।

(੨) ਆਮ ਆਦਮੀ—ਜ਼ਨਾਨੀ ਰੋਟੀਆਂ ਪਕਾ ਰਹੀ ਹੈ।
ਖਾਲਸਾ—ਬੀਬੀ ਪ੍ਰਸ਼ਾਦੇ ਸਜਾ ਰਹੀ ਹੈ।

(੩) ਆਮ ਆਦਮੀ—ਹਲਵਾਈ ਕੜਾਹ ਬਣਾ ਰਿਹਾ ਹੈ।
ਖਾਲਸਾ—ਭਾਈ ਦੇਗ ਸਜਾ ਰਿਹਾ ਹੈ।

(੪) ਆਮ ਆਦਮੀ—ਸੁਖਈ ਭੰਗ ਘੋਟ ਰਿਹਾ ਹੈ।
ਖਾਲਸਾ—ਨਿਹੰਗ ਸਿੰਘ ਸ਼ਹੀਦੀ ਦੇਗ ਸਜਾ ਰਿਹਾ ਹੈ।

ਇਹ 'ਸਜਣਾ' ਸ਼ਬਦ ਦੀ ਗੁਰਬਾਣੀ ਵਿਚ ਵੀ ਭਰਪੂਰ ਵਰਤੋਂ ਹੋਈ ਹੈ—
'ਆਪੇ ਭਾਂਡੇ ਸਾਜੀਅਨਿ, ਆਪੇ ਪੂਰਨ ਦੇਇ।'
ਜਾਂ 'ਆਪੇ ਸਾਜੇ ਆਪੇ ਰੰਗੇ, ਆਪੇ ਨਦਰਿ ਕਰੇਇ।' [ਗੁਰੂ ਨਾਨਕ

ਅਕਾਲ ਪੁਰਖ ਵਲੋਂ ਗੁਰੂ ਗੋਬਿੰਦ ਸਿੰਘ ਪ੍ਰਤੀ ਇਉਂ ਕਿਹਾ ਗਿਆ ਸੀ—

'ਮੈਂ ਅਪਨਾ ਸੁਤ ਤੋਹਿ ਨਿਵਾਜਾ। ਪੰਥ ਪ੍ਰਚੁਰ ਕਰਬੇ ਕਉ ਸਾਜਾ।'

ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਇਸਦੀ ਵਰਤੋਂ ਖਾਲਸ ਪ੍ਰਤੀ ਕੀਤੀ ਕਿ ਮੈਂ ਤਾਂ ਨਾਚੀਜ਼ ਕੁਝ ਨਹੀਂ, ਮੈਨੂੰ ਸਾਜਣ ਸ਼ਿੰਗਾਰਨ ਵਾਲੀ ਗੁਰੂ ਸੰਗਤ ਹੀ ਹੈ।

ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀਂ ਮੋ ਸੇ ਗ੍ਰੀਬ ਕ੍ਰੋਰ ਪਰੇ।

ਇਸਤੋਂ ਬਾਦ ਇਸ ਕ੍ਰਿਆ ਦੀ ਖਾਲਸੇ ਵਿਚ ਭਰਪੂਰ ਵਰਤੋਂ ਹੋਈ। ਹਰ ਨਵਾਂ ਬਣਨ ਵਾਲਾ ਸਿਖ, ਸੰਗਤ ਵਿਚ ਆ ਕੇ ਜੋਦੜੀ ਕਰਦਾ ਹੈ—

'ਖਾਲਸਾ ਜੀ! ਮੈਨੂੰ ਸਿੰਘ ਸਜਾਓ।'

ਸੋ ਇਸ ਤਰ੍ਹਾਂ 'ਸਜਣਾ', ਪਦ ਖਾਲਸਈ ਬੋਲਿਆਂ ਦੀ ਸਜਾਵਟ ਬਣ ਗਿਆ ਤੇ ਸਿਖ ਸੰਸਕ੍ਰਿਤੀ ਦਾ ਸ਼ਿੰਗਾਰ ਹੋ ਨਿਬੜਿਆ।

ਇਸ ਸਮੇਂ ਇਨ੍ਹਾਂ ਬੋਲਿਆਂ ਦੀ ਵਰਤੋਂ ਵਧੇਰੇ ਨਿਹੰਗ ਸਿੰਘਾਂ ਵਿਚ ਹੀ ਰਹਿ ਗਈ ਹੈ। ਉਨ੍ਹਾਂ ਇਸ ਸਿਰਜਨਾਤਮਕ ਕਾਰਜ ਨੂੰ ਅਜੇ ਤਿਆਗਿਆ ਨਹੀਂ ਸਗੋਂ ਗੁਣ ਕਰਮ ਅਨੁਸਾਰ ਨਵੀਆਂ ਚੀਜ਼ਾਂ ਦੇ ਨਾਂ ਵੀ ਨਵੇਂ ਨਵੇਂ ਪਾਏ ਹਨ ਹਨ। ਜਿਵੇਂ ਕਿ ਉਜਾਗਰੀ—ਲਾਲਟੈਣ, ਬੈਟਰੀ—ਚੋਰਬੱਤੀ, ਤੇਜਾ ਸਿੰਘ—ਇੰਜਨ, ਭੂਤਨੀ ਜਾਂ ਬੇਮੁਹਾਰੀ—ਰੇਲ ਗੱਡੀ, ਨੱਕ-ਵੱਢੰ—ਬੱਸ, ਫਿਰੰਗਣ—ਕਾਰ. ਸ਼ੈਤਾਨੀ ਚਰਖਾ—ਸਾਇਕਲ, ਫਟ ਫਟ—ਮੋਟਰਸਾਇਕਲ, ਦਸਨੰਬਰੀਆ—ਨਲਕਾ, ਵਲਾਇਤ ਪਾਸ—ਜੇਲ੍ਹ ਯਾਤਰਾ ਆਦਿ।

ਸਿੱਧੀ ਗੱਲ ਤਾਂ ਇਹ ਹੈ ਕਿ ਸਿੰਘ ਆਚਰਣ ਨਿਰਭੈਤਾ ਤੇ ਸੁਤੰਤਰਤਾ ਵਾਲਾ ਹੋਣ ਕਾਰਣ ਜ਼ੋਰਾਵਰ ਹੈ, ਤੇ ਇਹ ਜ਼ੋਰਾਵਰੀ ਤੇ ਦਲੇਰੀ ਉਨ੍ਹਾਂ ਦੀ ਬੋਲੀ ਤੇ ਸ਼ੈਲੀ ਵਿਚ ਵੀ ਥਾਂ ਥਾਂ ਝਲਕਦੀ ਨਜ਼ਰੀਂ ਪੈਂਦੀ ਹੈ। ਲੋੜ ਹੈ ਇਸ ਨੂੰ ਬਰਕਰਾਰ ਰੱਖਣ ਦੀ।

ਸਮਾ ਆਏਗਾ ਜਦੋਂ ਵਧ ਤੋਂ ਵਧ ਇਸ ਸ਼ਬਦਾਵਲੀ ਨੂੰ ਇਕੱਤਰ ਕਰ ਲਿਆ ਜਾਵੇਗਾ ਤੇ ਕੋਈ ਸਿਆਣਾ ਭਾਸ਼ਾ-ਵਿਗਿਆਨੀ ਇਨ੍ਹਾਂ ਦੇ ਪਿਛੋਕੜ ਤੇ ਵਿਸ਼ੇਸ਼ਤਾ ਬਾਰੇ ਰੋਸ਼ਨੀ ਪਾ ਕੇ ਖਾਲਸਈ ਬੋਲਿਆਂ ਦੇ ਹੋਰ ਚਮਤਕਾਰੀ ਪੱਖ ਉਜਾਗਰ ਕਰ ਸਕੇਗਾ।*

---

* 'ਅਖਬਾਰਿ ਦਰਬਾਰਿ ਮੁਅੱਲਾ' ਵਿਚ ਦਰਜ ਹੈ ਕਿ 9 ਜਨਵਰੀ 1711 ਈ: ਨੂੰ ਬਾਦਸ਼ਾਹ ਬਹਾਦਰਸ਼ਾਹ ਸਾਮ੍ਹਣੇ ਰਿਪੋਰਟ ਹੋਈ ਕਿ ਇੱਕ ਇਕੱਲਾ ਸਿਖ, ਆਪਣੇ ਆਪ ਨੂੰ 'ਫੌਜ' ਕਹਾਉਂਦਾ ਹੈ। ਇਸ ਤੋਂ ਜ਼ਾਹਰ ਹੈ ਕਿ ਇਹ ਖਾਲਸਈ ਬੋਲੇ ਅਠਾਰਵੀਂ ਸਦੀ ਦੇ ਮੁੱਢ ਵਿਚ ਹੀ ਸਿਰਜੇ ਜਾਣ ਲਗ ਪਏ ਸਨ।

ਸਿੰਘ-ਭਾਸ਼ਾ ਦਾ ਸ਼ਬਦ-ਕੋਸ਼

ਉਗਰਾਹੀ—ਮੰਗਣ ਦਾ ਭਾਵ ਜਾਂ ਕ੍ਰਿਆ
ਉਜਾਗਰ—ਦੀਵਾ
ਉਡਣਖਟੋਲਾ—ਗੱਡਾ
ਅਸਵਾਰਾ ਕਰਨਾ—ਚੜ੍ਹਾਈ ਕਰਨਾ
ਸੁਰਗ ਬਾਸ ਹੋਣਾ
ਅਕਲਦਾਨ—ਸੋਟਾ, ਡੰਡਾ
ਅਕਾਸ਼ਪਰੀ—ਬੱਕਰੀ
ਅਕਾਸ਼ੀ ਦੀਵਾ—ਸੂਰਜ, ਚੰਦ
ਅਕਾਸ਼ੀ ਫੌਜ—ਸ਼ਹੀਦੀ ਸੈਨਾ
ਗ਼ੈਬੀ ਦਲ
ਅਕਾਲ ਬਾਂਗਾ—ਜੈਕਾਰਾ
ਅਕਾਲ ਬੁੰਗਾ—ਅਕਾਲ ਤਖਤ ਦਾ
ਪਹਿਲਾ ਨਾਮ
ਅਕਾਲੀ—ਕਾਲ ਦੇ ਭੈ ਤੋਂ ਰਹਿਤ ਸਿਖ,
ਨੀਲੰਬਰਧਾਰੀ ਨਿਹੰਗ ਸਿੰਘ
ਅਥੱਕ—ਕਮਜ਼ੋਰ ਟੱਟੂ
ਅਥੱਕ ਸਵਾਰੀ—ਜੁੱਤੀ
ਅਦਾਲਤੀਆ—ਛੱਜ
ਅਨਹਤ ਸ਼ਬਦ—ਘੁਰਾੜਾ
ਅਨਮਤੀਆ—ਸਿਖ ਧਰਮ ਨੂੰ ਨ ਮੰਨਣ ਵਾਲਾ
ਅਫਲਾਤੂਨੀ—ਰਜਾਈ
ਅਰਾਕਾ—ਘੋੜਾ
ਅਰਾਕਣ—ਘੋੜੀ
ਅੜਿੰਗ ਬੜਿੰਗ—ਸੌਣ ਦਾ ਭਾਵ
ਆਕੜ ਭੰਨ—ਬੁਖ਼ਾਰ
ਆਕੀ ਹੋਣਾ—ਬੰਦੀ ਖਾਨੇ ਪੈਣਾ,
ਜੇਲ੍ਹ ਜਾਣਾ

ਆੜਬੰਦ—ਲੰਗੋਟਾ
ਅਨੰਦ—ਵਿਵਾਹ
ਐਰਾਪਤਿ—ਝੋਟਾ
ਅੰਗੀਠਾ—ਚਿਖਾ
ਅੰਜਨੀ—ਰਾਤ
ਅੰਮ੍ਰਿਤ ਵੇਲਾ—ਤੜਕਸਾਰ
ਅੰਮ੍ਰਿਤੀ—ਕੜ੍ਹੀ
ਇੰਦਰ—ਬੱਦਲ, ਮੀਂਹ
ਇੰਦਰਾਣੀ—ਪੌਣ
ਇਲਾਚੀ—ਫਲਾਹੀ
ਸ਼ਹੀਦ—ਧਰਮ ਖਾਤਰ ਮਰ ਮਿਟਣ ਵਾਲਾ
ਸ਼ਹੀਦ ਗੰਜ—ਜਿਥੇ ਸਿੰਘ ਸ਼ਹੀਦ ਹੋਏ ਹੋਣ
ਸ਼ਹੀਦੀ ਦੇਗ—ਸੁੱਖੇ ਦੀ ਮਿਠੀ ਸ਼ਰਦਾਈ
ਸ਼ਹੀਦੀ ਫੌਜ—ਸਿੰਘਾਂ ਦਾ ਉਹ ਜਥਾ ਜਿਸਨੇ
ਮਰਨਾ ਮਿਡਿਆ ਹੋਵੇ,
ਗੁਪਤ ਸੈਨਾ
ਸਚਖੰਡ—ਸੁਰਗਧਾਮ
ਸੱਚਾਪਾਤਸ਼ਾਹ—ਅਕਾਲ ਪੁਰਖ, ਸਤਿਗੁਰੂ
ਸਜਣਾ—ਸੋਹਣੀ ਤਰ੍ਹਾਂ ਬੈਠਣਾ,
ਤਿਆਰ ਹੋਣਾ, ਬਣਨਾ
ਸਦਾ ਗੁਲਾਬ—ਕਿੱਕਰ
ਸ਼ਫਾਜੰਗ—ਟਾਕੂਆ
ਸਬਜ਼ ਪਲਾ—ਸਾਗ
ਸਬਜ਼ ਮੰਦਰ—ਛਾਇਆਦਾਰ ਬਿਰਛ
ਸਮੁੰਦਰ—ਦੁੱਧ
ਸਰਦਾਰ—ਸਜਿਆ ਵਜਿਆ ਸਿਖ
ਸਰਦੌਨਾ—ਠੰਢ, ਕਾਂਬਾ

ਸਰਬ ਰਸ—ਲੂਣ
ਸਰਬਲੋਹ—ਲੋਹਾ. ਅਕਾਲਪੁਰਖ
ਸਰਬਲੋਹੀਆ—ਉਹ ਸਿੱਘ ਜੋ ਕੇਵਲ ਲੋਹੇ ਦੇ ਭਾਂਡਿਆਂ ਵਿਚ ਹੀ ਪ੍ਰਸਾਦ ਪਾਣੀ ਛਕਦਾ ਹੈ
ਸਲੋਤਰ—ਮੋਟਾ ਸੋਟਾ
ਸਵਾਇਆ—ਥੋੜਾ
ਸਵਾ ਲੱਖ—ਇੱਕ
ਸਵਾ ਲੱਖ ਫੌਜ—ਇਕੋ ਸਿੰਘ
ਸ਼ਾਹਜਹਾਂ—ਪੋਸਤ ਦਾ ਪੌਦਾ
ਸਾਕਤ—ਗੁਰੂ ਤੋਂ ਬੇਮੁਖ
ਸਾਵੀ—ਮੂੰਗੀ
ਸਿਉ—ਪਿਉਂਦੀ ਬੇਰ
ਸ਼ਿਕਰੀ—ਨਕ-ਚੂੰਢੀ, ਚਿਮਟੀ
ਸ਼ਿਕਾਰੀ—ਵਿਭਚਾਰੀ ਪੁਰਸ਼
ਸਿਰਖਿੰਡੀ—ਸ਼ੱਕਰ
ਸਿਰਗੁੰਮ—ਜਿਸਨੇ ਸਿੰਘ ਸਜ ਕੇ ਫਿਰ ਕੇਸ ਕਟਾ ਲਏ ਹੋਣ
ਸਿਰਘਸਾ—ਸਿਰ ਦਾ ਮੁੰਡਨ ਕਰਾਉਣ ਵਾਲਾ
ਸਿਰਜੋੜ—ਗੁੜ
ਸਿਰੀ ਸਾਹਿਬ—ਵੱਡੀ ਤਲਵਾਰ
ਸ਼ੀਸਮਹਲ—ਟੁੱਟਾ ਛੱਪਰ
ਸੁਕਮਾਂਜ—ਭੁੱਖਾ
ਸੁਖਦੇਈ—ਤਲਾਈ, ਗੁਦੈਲੀ
ਸੁਖਨਿਧਾਨ—ਭੰਗ
ਸੁੱਖਾ—ਭੰਗ
ਸੁਚਾਲਾ—ਲੰਙ ਮਾਰਕੇ ਚਲਣ ਵਾਲਾ
ਸੁਚੇਤਾ—ਟੱਟੀ ਜਾਣ ਦਾ ਭਾਵ
ਸੁਜਾਖਾ—ਛਾਲਣਾ
ਸੁਜਾਖੀ—ਛਾਲਣੀ
ਸੁੰਦਰੀ—ਝਾੜੂ, ਸੂਹਣ
ਸੁਰਗ—ਬਿਪਤਾ, ਨੀਂਦ
ਸੁਰਗ-ਦੁਆਰੀਆ—ਨਕਟਾ
ਸੁਨਹਿਰੀਆ—ਉਹ ਗੁਰਭਾਈ ਜਿਨ੍ਹਾਂ ਇਕੱਠਿਆਂ ਅੰਮ੍ਰਿਤਪਾਨ ਕੀਤਾ ਹੋਵੇ ਜਾਂ ਜੋ ਇਕੋ ਵਰਤਨ ਵਿਚ ਇਕੱਠੇ ਛਕਦੇ ਹੋਣ।
ਸੂਬੇਦਾਰ—ਝਾੜੂਬਰਦਾਰ, ਗੁੜ
ਸੂਰਮਾ—ਅੰਨ੍ਹਾ
ਸ਼ੇਰ ਦੇ ਕੰਨ—ਸੁੱਖਾ ਪੂਣਨ ਵਾਲੇ ਪੋਣੇ ਦੇ ਲੜ, ਅੱਕ ਦੇ ਪੱਤੇ
ਸੇਵਾ ਕਰਨਾ—ਮਾਰ ਕੁਟਾਈ ਕਰਨਾ
ਸੋਧਾ ਦੇਣਾ—ਮਾਂਜਣਾ, ਸੁਧਾਈ ਕਰਨਾ ਕੁਟਾਈ ਕਰਕੇ ਸਿਧੇ ਰਸਤੇ ਲਿਆਉਣਾ
ਸੌਗੀ—ਹਰਾ ਛੋਲੂਆ, ਕਣਕ
ਹਜ਼ਾਰ ਮੇਖੀ—ਪਾਟੀ ਪੁਰਾਣੀ ਗੋਦੜੀ
ਹਜ਼ੂਰ ਸਾਹਿਬ—ਨਾਦੇੜ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਦਾ ਅਸਥਾਨ
ਹਜ਼ੂਰੀਆ—ਸੇਵਾ ਵਿਚ ਰਹਿਣ ਵਾਲਾ ਪਰਨਾ, ਝੋਲੀਆ
ਹਰਨ ਹੋਣਾ—ਭੱਜਣਾ, ਦੌੜਨਾ
ਹਰਨੀ—ਮੱਖੀ,
ਹਰਾ ਕਰਨਾ—(ਕੇਸ) ਸੁਕਾਉਣਾ
ਹੀਰਾ—ਚਿਟਾ ਕੇਸ
ਹੁਕਮ ਸਤਿ—ਚਲਾਣਾ ਕਰਨਾ, ਮਰਨਾ
ਹੂੰਝਾ—ਤੰਬਾ, ਤਹਿਮਤ
ਹੋਲਾਂ—ਇਲੈਚੀਆਂ
ਹੋਲਾ—ਲੜਾਈ
ਹੋਲਾ ਮਹੱਲਾ—ਸ਼ਸਤ੍ਰ ਵਿਦਿਆ ਦੀ ਪਰਿਦਰਸ਼ਨੀ ਦਾ ਤਿਉਹਾਰ
ਹੰਕਾਰਿਆ—ਪਾਟਿਆ ਹੋਇਆ
ਹੰਨਾ—ਲਿੰਗ
ਕਸਤੂਰਾ—ਸੂਰ
ਕੱਚਾ ਪਿੱਲਾ—ਰਹਿਤ ਮਰਯਾਦਾ ਵਿਚ ਢਿੱਲਾ

ਕੱਚਾ ਬੋਲਾ—ਝੂਠਾ ਬਚਨ, ਹਲਕੀ ਗੱਲ, ਖਾਲਸਈ ਬੋਲਿਆਂ ਤੋਂ ਬਾਹਰਲੀ ਗੱਲ
ਕੱਚੀ ਬਾਣੀ—ਗੁਰਬਾਣੀ ਬਿਨਾ ਹੋਰ ਕਾਵਿ-ਰਚਨਾ
ਕੱਟਾ—ਹਾਥੀ
ਕਠੌਤਾ—ਕਾਠ ਦਾ ਭਾਂਡਾ
ਕਪੜ ਬੀਜ—ਵੜੇਵਾਂ
ਕਮਰਕਸਾ ਕਰਨਾ—ਤਿਆਰ ਬਰਤਿਆਰ ਹੋਣਾ, ਪਰਲੋਕ ਗਮਨ ਕਰਨਾ
ਕਮਰਕਸਾ ਖੁਲ੍ਹਾਉਣਾ—ਆਏ ਮਿਹਮਾਨ ਨੂੰ ਟਿਕਾਣਾ ਦੇਣਾ ਤੇ ਸੰਭਾਲ ਕਰਨਾ
ਕਰਦੌਨਾ—ਨਿਕੀ ਕ੍ਰਿਪਾਨ
ਕਰਾੜੀ—ਮੂਲੀ
ਕਰੇਲਾ—ਤਿੱਤਰ
ਕਲਗਾ ਸਿੰਘ—ਗੰਜਾ
ਕੜਾਕਾ—ਭੁੱਖ
ਕੜਾਕਾ ਕੱਟਣਾ—ਭੁੱਖਿਆਂ ਰਹਿਣਾ
ਕਾਜਾ—ਭੁੱਖਾ
ਕਾਜਾ ਖੋਲ੍ਹਣਾ—ਅੰਨ ਪਾਣੀ ਖਾਣਾ
ਕਾਜ਼ੀ—ਮੁਰਗਾ
ਕਾਠਗੜ੍ਹ—ਚਿਖਾ
ਕਾਨੂੰਗੋ—ਖੁੰਡਾ
ਕਾਬਲੀ ਕੁੱਤਾ—ਅਹਿਮਦ ਸ਼ਾਹ ਅਬਦਾਲੀ
ਕਾਰਦਾਰ—ਫਾਹੁੜਾ
ਕਾਰ ਭੇਟ—ਗੁਰੂ ਨਮਿਤ ਦਿੱਤੀ ਮਾਇਆ ਜਾਂ ਵਸਤੂ
ਕੁਹੀ—ਦਾਤੀ
ਕੁੱਠਾ—ਤੁਰਕ ਰੀਤਿ ਨਾਲ ਬਣਿਆ ਮਾਸ
ਕੁਣਕਾ—ਕੜਾਹ ਪ੍ਰਸਾਦ ਦਾ ਭੋਰਾ
ਕੁਤਬਦੀਨ—ਕੁੱਤਾ
ਕੁਰਹਿਤ—ਸਿਖੀ ਰਹਿਣੀ ਵਿਰੁਧ ਕਰਮ
ਕੇਸਕੀ—ਨਿਕੀ ਦਸਤਾਰ
ਕੇਸਰ—ਹਲਦੀ
ਕੋਤਲ—ਮੰਜਾ, ਪਲੰਘ, ਘੋੜਾ
ਕੋਤਵਾਲ—ਚਾਕੂ
ਖੱਚਰੀ ਫੌਜ—ਤ੍ਰੀਮਤਾਂ ਦਾ ਟੋਲਾ
ਖਖਾ—ਖਤਰੀ
ਖਜੂਰ—ਬੇਰ, ਹੋਲਾਂ
ਖਾਰ ਸਮੁੰਦਰ—ਲੱਸੀ
ਖਾਲਸਾ—ਤਿਆਰ ਬਰਤਿਆਰ ਅੰਮ੍ਰਿਤਧਾਰੀ

ਖਿਮਕੂ—ਲੰਗੋਟਾ
ਖਿਚੜ ਪੁਲਾਉ—ਸਾਦੀ ਖਿਚੜੀ
ਖੁਸ਼ਕ ਪਲਾਉ—ਭੁੱਜੇ ਦਾਣੇ
ਖੁਰਮਾ—ਬੇਰ
ਖੋਤੀ—ਚਿਲਮ
ਖੰਡ—ਸੁਆਹ
ਗਹਰਾ ਗੱਫਾ—ਬਹੁਤਾ ਮਾਲ. ਖਾਣ ਪੀਣ ਨੂੰ ਚੰਗਾ ਚੋਖਾ ਹਾਸਲ ਹੋਣਾ
ਗਜਗਾਹ—ਇਕ ਸ਼ਸਤ੍ਰ ਜੋ ਦੁਮਾਲੇ ਉਪਰ ਸਜਾਈਦਾ ਹੈ
ਗੱਜਣਾ—ਉਚੀ ਅਵਾਜ਼ ਨਾਲ ਬੋਲਣਾ
ਗਧੀ ਚੁੰਘਣਾ—ਹੁੱਕਾ ਪੀਣਾ
ਗਰੜਾ—ਵਧੀਆ ਚਾਵਲ
ਗੜ੍ਹ ਤੋੜਨਾ—ਔਖਾ ਕੰਮ ਸਿਰੇ ਚੜ੍ਹਾਉਣਾ, ਪਿਸ਼ਾਬ ਕਰਨਾ
ਗਿਆਨੀ ਸਿੰਘ—ਬਾਣੀ ਦੀ ਕਥਾ ਵਿਚਾਰ ਕਰਨ ਵਾਲਾ
ਗਿਟੇ ਵੱਢੀ—ਸੁੱਥਣ
ਗਿੱਦੜ—ਡਰਾਕੂਲ
ਗਿੱਦੜ-ਰੰਗਾ—ਭਗਵਾਂ ਪਹਿਨਣ ਵਾਲਾ ਸਾਧ
ਗੁੱਦੜ—ਮਲਾਈ
ਗੁਪਤਾ—ਗੁੰਗਾ
ਗੁਪਾਲਫਲ) ਆਂਡਾ
ਗੁਪਾਲ ਲੱਡੂ)
ਗੁਬਿੰਦੀ—ਗਾਜਰ
ਗੁਬਿੰਦੇ—ਖਰਬੂਜ਼ੇ
ਗੁਰਮਤਾ—ਸਿਖ-ਸੰਗਤ ਵਿਚ ਵਿਚਾਰ ਉਪਰੰਤ ਕੀਤਾ ਨਿਰਣਾ
ਗੈਬੀ ਫੌਜ—ਸ਼ਹੀਦਾਂ ਦੀ ਗੁਪਤ ਫੌਜ
ਗੋਲਕ—ਉਹ ਬਰਤਨ ਜਿਸ ਵਿਚ ਗੁਰੂ ਨਮਿਤ ਦਿਤੀ ਭੇਟ ਰੱਖੀ ਜਾਂਦੀ ਹੈ
ਗੰਗਾ ਜਲ—ਸ਼ਰਾਬ
ਗੰਢਲ—ਜੋ ਪਤਿਤ ਹੋਣ ਉਪਰੰਤ ਦੁਬਾਰਾ ਅੰਮ੍ਰਿਤ ਧਾਨ ਕਰਕੇ ਗੁਰੂ ਨਾਲ ਗੰਢਦਾ ਹੈ।
ਘੱਲੂਘਾਰਾ—ਅਤਿ ਭਿਆਨਕ ਜੰਗ
ਘੋੜਾ—ਜੁੱਤਾ
ਘੋੜਾ ਕਾਜੇ ਕਰਨਾ—ਜਤ ਸਤ ਧਾਰਨਾ
ਘੋੜਾ ਦੌੜਾਉਣਾ—ਸੰਭੋਗ ਕਰਨਾ
ਚਕ੍ਰੋਲ—ਚਕ੍ਰਵਰਤੀ ਸਿੰਘ, ਰਮਤਾ ਬਿਹੰਗਮ
ਚਟਣ ਪਲਾਉ—ਚਟਣੀ
ਚਤੌੜ ਤੋੜਨਾ—ਪਿਸ਼ਾਬ ਕਰਨਾ

ਚਰਨਦਾਸੀ—ਜੁੱਤੀ
ਚਲਾਕਣ—ਸੂਈ
ਚਲਾਕਾ—ਸੂਆ
ਚੜ੍ਹਾਈ ਕਰਨਾ—ਹੱਲਾ ਬੋਲਣਾ, ਮਰਨਾ
ਚਾਂਦਨੀ ਪੁਲਾਉ—ਭੁੰਨੀ ਜਵਾਰ
ਚਿਮਨੀ ਬੇਗਮ—ਅਫੀਮ
ਚੀਤਾ ਭਜਾਉਣਾ—ਪਿਸ਼ਾਬ ਕਰਨਾ
ਚੁਗਲ—ਪੋਸਤ ਡੋਡਾ, ਸ਼ੀਸਾ
ਚੁਟਕਾ ਪ੍ਰਸਾਦ—ਰਗੜੀ ਲੂਣ ਮਿਰਚ
ਚੁਟੰਗਾ—ਬੱਕਰਾ
ਚੂਪ—ਖੰਡ
ਚੁਬਾਰੇ ਚੜ੍ਹਿਆ—ਬੋਲਾ
ਚੁਰਾਸੀ—ਦੁਨਿਆਵੀ ਲੋਕ
ਚੂਨਾ—ਆਟਾ
ਚੂਰਮਾ—ਭੋ, ਤੂੜੀ
ਚੋਬਚੀਨੀ—ਲਾਲ ਮਿਰਚ
ਚੋਥਾ—ਲੂਣ
ਚੋਥਾ ਪਉੜਾ—ਮਜ਼ਬੀ ਸਿਖ
ਚੰਡੀ—ਅੱਗ, ਤਲਵਾਰ, ਲੜਾਈ
ਛਕਣਾ—ਖਾਣਾ, ਪੀਣਾ
ਛਤ੍ਰਧਾਰਾ—ਅਫੀਮ
ਛਰਰਾ ਛੱਡਣਾ—ਪਿਸ਼ਾਬ ਕਰਨਾ
ਛਾਂਦਾ—ਹਿੱਸਾ
ਛਾਉਣੀ—ਸਿੰਘਾਂ ਦਾ ਡੇਰਾ
ਛਿਲੋੜ—ਰੁਪਈਆ
ਛੇਵਾਂ—ਤੇਲ
ਜਹਾਜ਼—ਗੱਡਾ
ਜਹਾਜ਼ੇ ਚੜ੍ਹਨਾ—ਅੰਮ੍ਰਿਤਪਾਨ ਕਰਕੇ ਸਿੰਘ
ਸਜਣਾ
ਜੱਕਾ—ਰੁਹੀਂ
ਜਗਤ ਜੂਠ—ਹੁੱਕਾ, ਤਮਾਕੂ
ਜਗਨਨਾਥੀ—ਤੋੜੀ
ਜਥਾ—ਸਿੰਘਾਂ ਦਾ ਟੋਲਾ
ਜਥੇਦਾਰ—ਸਿੰਘ ਮੰਡਲੀ ਦਾ ਮੁਖੀਆ
ਜਲਖਿਚ ਸਿੰਘ—ਪਾਣੀ ਢੋਣ ਵਾਲਾ ਝੀਵਰ
ਜਲਤੋਰੀ—ਮੱਛੀ
ਜਲੇਬੀ—ਜੰਡਫਲੀ
ਜੜ-ਪੁੱਟ—ਮੋਚਨਾ
ਜਾਨ ਭਾਈ—ਆਪਣੀ ਸਵਾਰੀ ਦਾ ਘੋੜਾ
ਜੂੰਆਂ ਦੀ ਪੀਂਘ—ਜਨੇਊ
ਜੈਕਾਰਾ—ਸਤਿ ਸ੍ਰੀ ਅਕਾਲ ਦਾ ਉਚੀ ਅਵਾਜ਼
ਨਾਲ ਲਾਇਆ ਨਾਅਰਾ
ਜੋੜ ਮੇਲ—ਸਿਖਾਂ ਦੀ ਇਕੱਤ੍ਰਤਾ
ਜੋੜ-ਮੇਲਣੀ—ਸੂਈ
ਜੰਗਲ ਪਾਣੀ ਜਾਣਾ—ਟੱਟੀ ਜਾਣਾ
ਜੁਆਲਾ ਵਮਣੀ—ਬੰਦੂਕ
ਝਟਕਾ—ਇਕੋ ਵਾਰ ਧੜ ਤੋਂ ਸਿਰ ਜੁਦਾ
ਕਰਨਾ
ਟਹਲਾ—ਘਿਉ ਦਾ ਤੜਕਾ ਲਾ ਕੇ ਬਣੀ
ਬਦਾਮਾਂ ਦੀ ਸਰਦਾਈ
ਟਹਲੂਆ—ਰੁਮਾਲ, ਸੇਵਾਦਾਰ।
ਟਾਂਗੂ—ਉਚੀ ਥਾਂ ਬੈਠਾ ਆਦਮੀ ਜੋ ਵੈਰੀ
ਦੀ ਖਬਰ ਦਿੰਦਾ ਰਹਿੰਦਾ ਹੈ
ਟੁੱਕਰ—ਸ਼ਾਹੀ ਜਾਗੀਰ
ਠਾਕਰ—ਅੰਡ ਕੋਸ਼
ਠਾਣੇਦਾਰ—ਗਧਾ
ਠਿਪਰ—ਗੋਂਗਲੂ
ਠੀਕਰ—ਸਰੀਰ, ਦੇਹੀ
ਠੀਕਰੀ—ਰੁਪਈਆ
ਡਲਾ—ਰਿੱਝੇ ਮਾਸ ਦਾ ਟੁਕੜਾ
ਡਾਇਣ—ਮਾਇਆ
ਤਹਿਤੋੜ—ਪਰਾਉਂਠਾ
ਤਖਤ—ਗੁਰੂ ਸਾਹਿਬਾਨ ਦੇ ਸਿੰਘਾਸਨ,
ਮੁਖ ਪੰਜ ਗੁਰਧਾਮ
ਤੱਤ ਖਾਲਸਾ—ਸਿਖੀ ਰਹਿਤ ਅਨੁਸਾਰ
ਤਿਆਰ ਬਰਤਿਆਰ ਸਿੰਘ
ਤੱਤ—ਤੁਰਕ
ਤਨਖਾਹ—ਸਜ਼ਾ, ਧਾਰਮਿਕ ਉਕਾਈ ਕਾਰਣ
ਲਗਾ ਦੰਡ
ਤਨਖਾਹੀਆ—ਜੋ ਰਹਿਤ ਮਰਯਾਦਾ ਦੀ
ਉਕਾਈ ਕਾਰਣ ਸਜ਼ਾ ਦਾ ਭਾਗੀ ਹੋਵੇ
ਤਰ ਪਲਾਉ—ਬਿਨਾ ਸਲੂਣੇ ਦੇ ਰੁੱਖੀ-ਸੁੱਖੀ
ਰੋਟੀ
ਤਿਆਰ ਬਰ ਤਿਆਰ—ਸਿੰਘ ਰਹਿਤ-
ਮਰਯਾਦਾ ਵਿਚ ਪੂਰਣ
ਤਿਟੰਗੀ—ਗਾਇਤਰੀ
ਤਿਮਰ ਲੰਗੀਆ—ਡੁੱਡਾ, ਲੰਙਾ
ਤੁਰਕ—ਮੁਸਲਮਾਨ
ਤੁਰਕ ਬੱਕਰੀ—ਕੰਜਰੀ
ਤੁਰਤ ਪਲਾਉ—ਰਗੜਿਆ ਲੂਣ ਮਿਰਚ
ਤੋੜਾ—ਬੰਦੂਕ ਦਾ ਫੀਤਾ, ਦੁਮਾਲੇ ਤੇ
ਸਜਾਉਣ ਵਾਲੀ ਜੰਜ਼ੀਰ
ਤੋੜਾ ਝਾੜਨਾ—ਬੰਦੂਕ ਚਲਾਉਣਾ
ਦਸਤ ਪੰਜਾ—ਚਿਮਟਾ, ਸੰਨ੍ਹੀ

ਦਸਤਾਰ—ਪੱਗ
ਦਬੜੂ/ਘੁਸੜੂ—ਰਹਿਤ ਮਰਯਾਦਾ [ਵਿਚ ਢਿੱਲਾ, ਡਰਾਕੂਲ ।
ਦਮੜਾ—ਰੁਪਈਆ
ਦਲ—ਸਿੰਘ-ਸੈਨਾ
ਦਾਖ—ਪੀਲੂ
ਦਿਆਲ ਕੌਰ—ਕੜਛੀ
ਦਿਦਾਰਾ ਸਿੰਘ—ਸ਼ੀਸਾ
ਦੁਸ਼ਾਲਾ—ਕੰਬਲ
ਦੁਸਾਂਗਾ—ਪਜਾਮਾ
ਦੁਨਾਲੀ—ਸਲੰਘ
ਦੁੰਬਾ—ਪੇਠਾ
ਦੁਬੁਰਜੀ—ਸੁੱਥਣ
ਦੁਮਾਲਾ—ਉਚਾ ਸਜਾਇਆ ਦੂਹਰਾ ਦਸਤਾਰਾ
ਦੇਗ—ਪ੍ਰਸ਼ਾਦ ਪਾਣੀ, ਕੜਾਹ ਪ੍ਰਸਾਦ
ਧਨੰਤਰ—ਨਿੰਮ
ਧਰਮਰਾਜ ਦੀ ਧੀ—ਨੀਂਦ
ਧਰਮਰਾਜ ਦਾ ਪੁਤਰ—ਬੁਖਾਰ
ਧੂੜ ਕੋਟ—ਘੱਗਰਾ
ਨਹੇਰਨਾ ਸਿੰਘ—ਨਾਈ
ਨੜੀਮਾਰ—ਹੁੱਕਾ ਪੀਣ ਵਾਲਾ
ਨਾਖ—ਗੋਲ੍ਹ
ਨਿਸ਼ਾਨ ਸਾਹਿਬ—ਝੰਡਾ
ਨਿਹਕਲੰਕ—ਘੜਾ
ਪਚਰੰਗ—ਮੰਜਾ
ਪਠਾਣ-ਸਿਰੀ—ਗੋਭੀ
ਪਤਾਲਪੁਰੀ, ਪਤਾਲ ਮੋਚਨੀ—ਕਹੀ
ਪਰਸੁਰਾਮ—ਕੁਹਾੜਾ
ਪਰਸਾ—ਜਲ
ਪਰਸਾਦਾ—ਰੋਟੀ
ਪਰੀ—ਭੇਡ
ਪਲਟਾ—ਖੁਰਚਣਾ
ਪਾਹੁਲ—ਖੰਡੇਦਾ ਅੰਮ੍ਰਿਤ
ਪਾੜ੍ਹੀ—ਗਾਜਰ
ਪੌਣ-ਤੁਰੰਗ—ਮਰੀਅਲ ਟੱਟੂ
ਪੌਣ ਪ੍ਰਕਾਸ਼—ਪੱਖਾ
ਪੰਚਾਮ੍ਰਿਤ—ਕੜਾਹ ਪ੍ਰਸਾਦ
ਪੰਜੱਖਾ—ਕਾਣਾ
ਪੰਜਰਤਨਾ—ਗਾਜਰ, ਮਲੀ, ਸ਼ਲਗਮ, ਬੈਂਗਣ ਤੇ ਪਿਆਜ ਪਾ ਕੇ ਬਣਾਇਆ ਭਾਜਾ
ਪੰਜਵਾਂ—ਘਿਉ
ਪੰਥ—ਖਾਲਸਾ ਕੌਮ
ਪੰਮਾ—ਕਪਟੀ ਬ੍ਰਹਮਣ
ਪ੍ਰਕਾਸ਼ ਸਿੰਘ—ਦਿਨ
ਪ੍ਰਸਾਦਾ—ਰੋਟੀ
ਫੱਟੜ ਪ੍ਰਸਾਦਾ—ਅੱਧੀ ਰੋਟੀ
ਫਤਿਹ ਕੁਮੈਤ—ਸੋਟੀ
ਫਿਰਨਾ—ਖਰਾਸ
ਫਿਰਨੀ—ਚੱਕੀ
ਫੌਜ—ਇਕ ਬਿਹੰਗਮ ਸਿੰਘ
ਬਸਾਵਾ—ਤਵਾ
ਬਸੰਤ ਕੌਰ—ਮੱਕੀ
ਬਸੰਤਰ—ਅਗਨੀ
ਬਹੁਗੁਣਾ—ਗੰਦਾਲਾ
ਬਟੇਰਾ—ਬਤਾਊਂ
ਬਹਿਸ਼ਤੀ—ਮਾਸ਼ਕੀ, ਬੋਲੇ
ਬਦਾਣਾ—ਕਰੀਰ ਦਾ ਫਲ, ਡੇਲੇ
ਬਦਾਮ—ਭੁੱਜੇ ਛੋਲੇ
ਬਬਰੂ—ਖਮੀਰੀ ਰੋਟੀ
ਬਾਜ਼—ਖੁਰਪਾ
ਬਾਮ੍ਹਣ—ਪਿੱਪਲ
ਬਾਮ੍ਹਣੀ—ਤਸਮਈ, ਖੀਰ
ਬਾਲੀ ਫੌਜ—ਕੁੜੀਆਂ
ਬਿਹੰਗਮ—ਰਮਤਾ ਸਿੰਘ
ਬਿਖਿਆ—ਤਮਾਕੂ
ਬਿਬੇਕ—ਰਹਿਤ ਮਰਯਾਦਾ ਬਾਰੇ ਵਿਚਾਰ ਵਟਾਂਦਰਾ, ਸੋਧ
ਬਿਬੇਕੀ—ਵਿਚਾਰਵਾਨ, ਸੋਧੀ ਸਿੰਘ
ਬੁੰਗਾ—ਸਿੰਘਾਂ ਦਾ ਨਿਵਾਸ ਸਥਾਨ ਨਿਹੰਗ ਸਿੰਘਾਂ ਦਾ ਉਚਾ ਦੁਮਾਲਾ
ਬੁੱਧ ਅਵਤਾਰ—ਲੂਲ੍ਹਾ ਲੰਗੜਾ, ਟੁੰਡਾ
ਬੂੰਦੀ—ਬੱਕਲੀਆਂ
ਬੇਮੁਹਤਾਜੀ—ਕੜਛੀ
ਬ੍ਰਹਮਰਸ—ਇੱਖ ਦਾ ਰਸ
ਭਗਉਤੀ—ਤਲਵਾਰ
ਭਰਥਰੀ—ਢੱਟਾ. ਸਾਨ੍ਹ
ਭਾਜਾ—ਸਬਜ਼ੀ ਤਰਕਾਰੀ
ਭਾਣਾ—ਰੱਬੀ ਹੁਕਮ
ਭੂਇੰਸੂਰ—ਸ਼ਲਗਮ
ਭੁਜੰਗੀ—ਸਿੰਘਾਂ ਦਾ ਲੜਕਾ
ਭੁਟੇਰਾ—ਅੱਗ ਵਿਚ ਭੁੰਨਿਆ ਆਟੇ ਦਾ ਪਿੰਨਾ

ਭੂਤਨੀ—ਅੰਨ੍ਹੇਰੀ
ਮਸਤਗੜ੍ਹ—ਮਸਜਿਦ ਬਦਲਕੇ ਬਣਾਇਆ ਗੁਰ ਅਸਥਾਨ
ਮਸਤਾਨਾ—ਪਾਟਿਆ ਹੋਇਆ, ਬੀਮਾਰ, ਅਪਣੇ ਰੰਗ ਵਿਚ ਵਿਚਰਨ ਵਾਲਾ
ਮਸਾਣੀ—ਗੁਦਾ
ਮਹਿਖਾਸਰ—ਝੋਟਾ
ਮਹਾਂਪ੍ਰਸਾਦ—ਝਟਕੇ ਦਾ ਰਿੱਝਾ ਮਾਸ
ਮਖਮਲੀ ਫਰਸ਼—ਘਾਹ ਵਾਲੀ ਸਰਸਬਜ਼ ਥਾਂ
ਮਨਮਤੀਆ—ਗੁਰਮਤਿ ਤਿਆਗਕੇ ਮਨਮਰਜ਼ੀ ਵਰਤਣ ਵਾਲਾ
ਮਰਚੌਨਾ—ਕਾਲੀ ਮਿਰਚ
ਮਲਕਾ—ਬਿੱਲੀ
ਮੜ੍ਹੋਲੀ—ਦੇਹੀ
ਮਾਮਾ—ਬੁਖਾਰ
ਮਾਰਾ ਬਕਾਰਾ—ਲੁੱਟਮਾਰ
ਮਿਠਾ ਪ੍ਰਸਾਦਾ—ਬਹੀ ਰਟੀ
ਮਿਠਿਆਈ—ਸ਼ੱਕਰਕੰਦੀ
ਮੁਆਮਲਾ—ਮੰਗ ਕੇ ਲੀਤਾ ਸਾਮਾਨ
ਮੁਸਲੀ ਯੁਧ—ਤੁਰਕਣੀ ਨਾਲ ਭਗ
ਮੁਹੰਮਦੀ ਇਸਨਾਨ—ਨੰਗੇ ਨ੍ਹਾਉਣਾ
ਮੁਹੰਮਦੀ ਸਵਾਰੀ—ਊਂਠ
ਮੁਹੰਮਦੀ ਪੌਲਾ—ਉਸਤਰਾ
ਮੁਖ-ਮਾਂਜਣਾ—ਦਾਤਣ
ਮੁਗਲ—ਪੋਸਤ ਦੇ ਡੋਡੇ, ਪੱਦ
ਮੁਗਲਸਤਾਨ—ਪਖਾਨਾ
ਮੁਗਲਾਣੀ —ਕਾਲੀ ਮਿਰਚ
ਮੁਲਾਹਜ਼ਾ-ਤੋੜ—ਸਟਾ
ਮੁਰਗਾ—ਕਾਜ਼ੀ
ਮੂੰਹਤਾਣੀ—ਕੈਂਚੀ
ਮੁਰਗਾਬੀ—ਮੱਖੀ
ਮੇਵੜਾ—ਗੁਰੂ ਦਰਬਾਰ ਦਾ ਅਰਦਾਸੀਆ ਹਲਕਾਰਾ
ਮੈਦਾਨ ਮਾਰਨਾ—ਪਖਾਨੇ ਜਾਣਾ

ਮੋਰਚਾ ਲਾਉਣਾ—ਜ਼ਰੂਰੀ ਕੰਮ ਲਈ ਉਦਮ ਕਰਨਾ, ਦੁਸ਼ਮਨ ਨਾਲ ਆਢਾ ਲਾਉਣਾ
ਰੱਜੀ—ਕੜਛੀ
ਰਣ ਸਿੰਗਾ—ਪੱਦ
ਰਾਕਾ—ਇਰਾਕੀ ਨਸਲ ਦਾ ਘੋੜਾ
ਰਾਮਚੌਂਕਾ—ਉਜਾੜ ਵਿਚ ਬਣਾਇਆ ਲੰਗਰ ਸਥਾਨ
ਰਾਮ ਜੰਗਾ—ਬੰਦੂਕ
ਰਾਮ ਡੋਲ—ਬੋਕਾ
ਰਾਮ ਬਾਗ—ਜੰਗਲ
ਰਾਮ ਰਸ—ਲੂਣ
ਰਾਮ ਲੱਡੂ—ਮਤੀਰਾ
ਰੁੱਪਾ—ਗੰਢਾ, ਪਿਆਜ
ਰੂਪ ਕਰ—ਕਾੜ੍ਹਨੀ, ਕਣਕ
ਰੇਸ਼ਮ—ਸਣ
ਰੋੜ—ਮੋਠ
ਰੋੜ੍ਹ ਪ੍ਰਸ਼ਾਦ—ਡੇਲਿਆਂ ਦਾ ਆਚਾਰ, ਗੰਢਾ
ਰੰਘੜ—ਤੂਤ
ਰੰਘੜੀ—ਮੱਕੀ ਦੀ ਛੱਲੀ
ਲਖਨੇਤ੍ਰਾ—ਕਾਣਾ
ਲਖਬਾਹਾ—ਟੁੰਡਾ
ਲੱਡੂ—ਟਿੰਡੇ
ਲਵੇਰਾ—ਖੋਦਾ, ਅਣਦਾੜ੍ਹੀਆ
ਲੜਾਕੀ—ਮਿਰਚ
ਲਾਚੀਦਾਨਾ—ਬਾਜਰਾ
ਲੋਹ—ਤਵੀ
ਲਾਂਗਚਿੜਾ—ਲਸਣ
ਲੰਗਰ--ਭੋਜਨ ਪਕਾਉਣ ਦਾ ਅਸਥਾਨ, ਭੋਜਨ
ਲੰਗਰ ਮਸਤ --ਜਿਥੇ ਖਾਣ ਪੀਣ ਨੂੰ ਕੁਝ ਨ ਹੋਵੇ
ਲੰਡੀਬੁੱਚੀ—ਧਰਮਹੀਣ, ਕੁਰਹਿਤੀਏ ਲੋਕ
ਵਹੀਰ—ਸਿੰਘਾਂ ਦਾ ਫਿਰਨ ਤੁਰਨ ਵਾਲਾ ਦਲ
ਵਹੀਰੀਆ—ਵਹੀਰ ਦਾ ਮੈਂਬਰ,ਜਥੇਦਾਰ
ਵਰਤਾਵਾ—ਕੜਛਾ
ਵੇਹਲਾ ਸਿਰ—ਜਿਸਦੇ ਸਿਰ ਤੇ ਕੇਸ ਨਹੀਂ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ॥

ਬਖਸ਼ੀ ਪ੍ਰਿੰਟਰਜ਼ ਅਰਜਨ ਨਗਰ, ਪਟਿਆਲਾ ।

ਪ੍ਰੋ. ਪਿਆਰਾ ਸਿੰਘ ਪਦਮ ਰਚਿਤ ਪੁਸਤਕਾਵਲੀ

ਸੰਖੇਪ ਸਿਖ ਇਤਿਹਾਸ	30-00
ਸ੍ਰੀ ਗੁਰੂ ਗ੍ਰੰਥ ਪ੍ਰਕਾਸ਼	30-00
ਦਸਮ ਗ੍ਰੰਥ ਦਰਸ਼ਨ	30-00
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ	30-00
ਰਹਿਤ ਨਾਮੇ	15-00
ਕਲਾਮ ਭਾਈ ਨੰਦ ਲਾਲ	12-00
ਤੇਗ ਬਹਾਦਰ ਸਿਮਰਿਐ	12-00
ਗੋਬਿੰਦ ਸਾਗਰ	15-00
ਗੁਰੂ ਨਾਨਕ ਸਾਗਰ	15-00
ਪੰਜ ਦਰਿਆ	15-00
ਸਾਡੇ ਗੁਰਦੇਵ	6-00
ਨਾਨਕ ਸਾਇਰ ਏਵ ਕਹਤ ਹੈ	10-00
ਗੁਰਨਾਨਕ ਜਿਨ ਸੁਣਿਆ ਪੇਖਿਆ	10-00
ਆਦਿ ਗ੍ਰੰਥ ਦਰਸ਼ਨ	10-00
ਚਾਰ ਸਾਹਿਬਜ਼ਾਦੇ	6-00
ਪ੍ਰਾਚੀਨ ਸੌ ਸਾਖੀ	20-00
ਪ੍ਰਸਿਧ ਪੰਜਾਬੀ	5-00
ਪੰਜਾਬੀ ਮਹਾਰਾਜਾ	6-00
ਬਚਨ ਸਾਈਂ ਲੋਕਾਂ ਦੇ	6-00
ਬੋਲੇ ਸ਼ੇਖ ਫਰੀਦ	5-00
ਮਹਾਂ ਕਵੀ ਸੰਤੋਖ ਸਿੰਘ	5-00
ਜੰਗਨਾਮਾ ਸਿੰਘਾਂ ਤੇ ਫਿਰੰਗੀਆਂ	5-00
ਪੁਸ਼ਪਾਂਜਲੀ	5-00
ਪ੍ਰਾਚੀਨ ਪੰਜਾਬੀ ਗੱਦ	15-00
ਮਾਲਵੇ ਦੇ ਸੰਤ ਕਵੀ	
ਪੰਜਾਬੀ ਲੋਕ ਸਾਗਰ	
ਪੰਜਾਬੀ ਬੋਲੀ ਦਾ ਇਤਿਹਾਸ	35-00
ਪੰਜਾਬੀ ਸਾਹਿਤ ਦੀ ਰੂਪ ਰੇਖਾ	15-00
ਗੁਰਮੁਖੀ ਲਿਪੀ ਦਾ ਇਤਿਹਾਸ	5-00
ਕਲਮ ਦੇ ਧਨੀ (ਦੋ ਭਾਗ)	20-00
ਕਲਮ ਦੇ ਚਮਤਕਾਰ	20-00
ਪੰਜਾਬੀ ਵਾਰਾਂ	40-00
ਪੰਜਾਬੀ ਬਾਰਾਂਮਾਹੇ	30-00
ਪੰਜਾਬੀ ਮਾਝਾਂ	10-00
ਪੰਜਾਬੀ ਜੰਦਾਂ	10-00
ਪੰਜਾਬੀ ਝਗੜੇ	10-00
ਮਿਰਜ਼ੇ ਦੀਆਂ ਸੱਦਾਂ	5-00
ਵਾਰਸਸ਼ਾਹ	10-00
ਹਾਸ਼ਮ ਰਚਨਾਵਲੀ	20-00
ਹੁਸੈਨ ਰਚਨਾਵਲੀ	5-00
ਸਾਈਂ ਬੁੱਲ੍ਹੇਸ਼ਾਹ	5-00
ਬਾਬਾ ਸਾਧੂਜਨ	7-50
ਸਾਧੂ ਈਸ਼ਰਦਾਸ	5-00
ਦਰਸ਼ਨ ਭਗਤ	3-00
ਬਾਬਾ ਵਜੀਦ	3-00
ਹਿੰਦੁਸਤਾਨੀ ਕਵਿਤਾ	10-00
ਹਿੰਦੁਸਤਾਨੀ ਕਵੀ	6-00
ਹਿੰਦੁਸਤਾਨੀ ਕਲਾ	6-00
ਚਫਰਨਾਮਾ	5-00

ਪੰਜਾਬੀ ਯੂਨੀਵਰਸਿਟੀ ਵਲੋਂ ਪ੍ਰਕਾਸ਼ਤ :— ਗੁਰੂ ਗ੍ਰੰਥ ਵਿਚਾਰ ਕੋਸ਼, ਗੁਰੂ ਗ੍ਰੰਥ ਸੰਕੇਤ ਕੋਸ਼, ਗੁਰੂ ਗ੍ਰੰਥ ਮਹਿਮਾ ਕੋਸ਼, ਸੁਖਮਨੀ ਦਰਸ਼ਨ, ਮਹਾਤਮਾਂ ਸੰਤਰੇਣ ਆਦਿ

ਕਲਮ ਮੰਦਿਰ, ਲੋਅਰ ਮਾਲ, ਪਟਿਆਲਾ ।